


# ਕਲਪਨਾ ਦਾ ਸਫ਼ਰ

ਲਵਲੀ ਪਠਲਾਵਾ

# ਕਲਪਨਾ ਦਾ ਸਫ਼ਰ

ਲਵਲੀ ਪਠਲਾਵਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# KALPANA DA SAFAR

BY

LOVELY PATHLAWA

Instagram: lovelypathlawa

Mobile Number: 8699305989

Email ID: rawinder86993@gmail.com

@Lovely Pathlawa All rights reserved

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਇੱਕ ਇੱਕ ਕਰ ਪੰਨੇ ਭਰਦੇ ਗਏ

ਫਿਰ ਭਰ ਗਈਆਂ ਕੁੱਝ ਡਾਇਰੀਆਂ ਜੀ

ਇਸ ਕਲਪਨਾ ਵਾਲੇ ਸਫ਼ਰ ਦੇ ਵਿੱਚ

ਕੁੱਝ ਸਾਂਝੀਆਂ ਕਰਾਂਗੇ ਸ਼ਾਇਰੀਆਂ ਜੀ

# ਮੇਰਾ ਨਜ਼ਰੀਆ

ਕਦੇ ਲੱਗਣ ਇਕਾਂਗੀ ਕੋਈ
ਕਦੇ ਲੱਗਣ ਕਹਾਣੀ ਕੋਈ
ਕਦੇ ਲੱਗਣ ਇਹ ਪ੍ਰੇਮ ਕਥਾਵਾਂ ਨੇ,

ਜੋ ਸਾਡੇ ਨੇ
ਸਾਡੇ ਵਾਂਗ ਜਿਉਂਦੇ
ਇਹ ਇਨਸਾਨ ਨਹੀਂ
ਇਹ ਕਵਿਤਾਵਾਂ ਨੇ

ਇੱਕ ਦੂਜੇ ਕੋਲ਼ ਖੜਨਾ
ਇੱਕ ਦੂਜੇ ਨੂੰ ਪੜਨਾ

ਕੋਈ ਹਾਸ ਰਸ ਵਰਗਾ ਹੈ
ਜੋ ਦੁੱਖਾਂ ਵਿੱਚ ਵੀ ਹੱਸਦਾ ਏ
ਕੋਈ ਕਰੁਣਾ ਰਸ ਵਰਗਾ ਹੈ
ਜੋ ਕਿੰਨਾ ਦੁਖੀ ਹਾਂ ਮੈਂ
ਹਰ ਇੱਕ ਨੂੰ ਦੱਸਦਾ ਏ

ਇਹ ਦੁੱਖਾਂ ਨਾਲ਼ ਹੀ ਤੇ ਸੁੱਖ ਜੁੜੇ
ਜਿਵੇਂ ਧੁੱਪ ਨਾਲ਼ ਛਾਵਾਂ ਨੇ

ਜੋ ਸਾਡੇ ਨੇ
ਸਾਡੇ ਵਾਂਗ ਜਿਉਂਦੇ
ਇਹ ਇਨਸਾਨ ਨਹੀਂ
ਇਹ ਕਵਿਤਾਵਾਂ ਨੇ

ਕੋਈ ਉਦਾਸ ਹੈ ਕਰੁਣਾ ਰਸ ਦਿਲ ਵਿੱਚ ਭਰਕੇ
ਕੋਈ ਸ਼ਿੰਗਾਰ ਰਸ ਚ' ਨੱਚਦਾ ਕਿਸੇ ਦੇ ਮਿਲਣ ਕਰਕੇ

ਚੁਸਤ ਚਲਾਕ ਮਤਲਬੀ ਤੇ ਚੋਰ
ਭਿਆਨਕ ਰਸ ਤੇ ਵਿਭਤਸ ਰਸ ਨੂੰ
ਜਨਮ ਦਿੰਦੇ ਨੇ
ਕੁਝ ਛੰਦ ਦਾ ਰੂਪ ਲੈ ਕੇ
ਲੋਕਾਂ ਨੂੰ ਸੁੱਖ ਦੇ ਕੇ
ਉਹਨਾਂ ਦੇ ਦੁੱਖ ਲੈ ਲੈਂਦੇ ਨੇ

ਖੁੱਲ੍ਹੀਆਂ ਕਵਿਤਾਵਾਂ ਬਣ ਘੁੰਮਦੇ
ਮਿੱਟੀ ਦਾ ਇਹ ਆਟਾ ਗੁੰਨਦੇ

ਲੋਕੀਂ ਕਹਿਣ ਝੱਲੇ ਤੇ ਪਾਗਲ
ਜੰਨਤ ਇਨ੍ਹਾਂ ਲਈ ਹਰ ਥਾਵਾਂ ਨੇ

ਜੋ ਸਾਡੇ ਨੇ
ਸਾਡੇ ਵਾਂਗ ਜਿਉਂਦੇ
ਇਹ ਇਨਸਾਨ ਨਹੀਂ
ਇਹ ਕਵਿਤਾਵਾਂ ਨੇ

ਕੋਈ ਨਾਵਲ ਵਰਗਾ ਵੀ ਹੈ
ਜਿਸਨੂੰ ਸਮਝਣ ਲਈ ਸਮਾਂ ਲੱਗਦਾ ਹੈ
ਕੋਈ ਗ਼ਜ਼ਲ ਵਰਗਾ ਵੀ ਹੈ
ਜੋ ਹਰ ਵਾਰ ਚਿਹਰਾ ਕੋਈ ਨਵਾਂ ਲੱਗਦਾ ਹੈ

ਬਸ ਜੇ ਕਿਸੇ ਨੂੰ ਕੋਈ ਸਮਝ ਨਹੀਂ ਪਾਇਆ
ਤਾਂ ਉਹ ਜਨਮ ਦੇਣ ਵਾਲੀਆਂ ਮਾਂਵਾਂ ਨੇ
ਜੋ ਸਾਡੇ ਨੇ
ਸਾਡੇ ਵਾਂਗ ਜਿਉਂਦੇ
ਇਹ ਇਨਸਾਨ ਨਹੀਂ
ਇਹ ਕਵਿਤਾਵਾਂ ਨੇ

# ਔਰਤ

ਸੌ ਸੂਰਜਾਂ ਦਾ ਤੇਜ਼
ਤੇਰੇ ਵਿੱਚ ਸਮਾਇਆ ਹੈ ,
ਇਨਸਾਨੀ ਚੰਮ ਚੜ੍ਹਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ ,

ਕੰਡਿਆਂ ਵਿੱਚ ਵੀ ਫੁੱਲ ਬਣ ਰਹਿਣਾ
ਤੂੰ ਲੋਕਾਂ ਨੂੰ ਸਬਕ ਸਿਖਾਇਆ ਹੈ ,
ਇਨਸਾਨੀ ਚੰਮ ਚੜ੍ਹਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ ,

ਚੰਨ ਤਾਰਿਆਂ ਨੂੰ
ਤੇਰੀ ਖ਼ੂਬਸੂਰਤੀ ਵਿੱਚ ਜੜ੍ਹਾਇਆ ਹੈ ,
ਇਨਸਾਨੀ ਚੰਮ ਚੜ੍ਹਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ ,

ਦਸ ਹਾਥੀਆਂ ਦਾ ਬਲ ਤੇਰੇ ਚ
ਤੂੰ ਜੁਲਮਾਂ ਨੂੰ ਹਰਾਇਆ ਹੈ ,

ਇਨਸਾਨੀ ਚੰਮ ਚੜਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ ,

ਕਦੇ ਬਣ ਰੁੱਖ , ਕਦੇ ਬਣ ਘਾਹ
ਤੂੰ ਸਹਿਣਸ਼ੀਲਤਾ ਤੇ ਹਿੰਮਤ ਦਾ
ਪਾਠ ਪੜ੍ਹਾਇਆ ਹੈ ,
ਇਨਸਾਨੀ ਚੰਮ ਚੜਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ ,

ਤੇਰੇ ਸਹਾਰੇ ਇਹ ਦੁਨੀਆ ਚੱਲੇ
ਤੇਰੇ ਅੰਦਰ ਮਾਂ ਦੁਰਗਾ, ਮਾਂ ਲਕਸ਼ਮੀ
ਦਾ ਵਾਸਾ ਰੱਬ ਨੇ ਕਰਵਾਇਆ ਹੈ ,
ਇਨਸਾਨੀ ਚੰਮ ਚੜਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ,

ਜੋ ਸਮਝ ਗਿਆ ਤੇਰੇ ਦਿਲ ਦੀਆਂ ਗੱਲਾਂ
ਤੂੰ ਜੰਨਤ ਦਾ ਰਾਹ ਉਸਨੂੰ ਦਿਖਾਇਆ ਹੈ,
ਇਨਸਾਨੀ ਚੰਮ ਚੜਾ
ਰੱਬ ਨੇ ਤੈਨੂੰ ਔਰਤ ਬਣਾਇਆ ਹੈ,

ਮੇਰੇ ਭਾਗ ਚੰਗੇ ਜੋ ਤੇਰੇ ਬਾਰੇ ਲਿਖਣ ਲੱਗਾ

ਤੈਨੂੰ " ਮਾਂ " ਦੇ ਰੂਪ ਵਿੱਚ ਪਾਇਆ ਹੈ,

ਸੌ ਸੂਰਜਾਂ ਦਾ ਤੇਜ਼

ਤੇਰੇ ਵਿੱਚ ਸਮਾਇਆ ਹੈ ,

ਇਨਸਾਨੀ ਚੰਮ ਚੜ੍ਹਾ

ਰੱਬ ਨੇ ਤੈਨੂੰ ਔਰਤ ਬਣਾਇਆ ਏ

# ਕਾਗ਼ਜ਼ ਦੇ ਢੇਰ

ਕੁਝ ਫੁੱਲਾਂ ਕੋਲੋਂ ਖੁਸ਼ਬੂ ਲਈ ਲੱਗਦੀ,
ਥੋੜੀ ਖੁਸ਼ਬੂ ਲਈ ਲੱਗਦੀ ਚੰਦਨ ਦੇ ਪੇੜਾਂ ਤੋਂ

ਥੋੜੀ ਮਿਠਾਸ ਸ਼ਹਿਦ ਤੋਂ ਲਈ ਲੱਗਦੀ
ਥੋੜੀ ਮਿਠਾਸ ਲਈ ਲੱਗਦੀ ਬੇਰਾਂ ਤੋਂ

ਤੇਰੀਆਂ ਗੱਲਾਂ , ਤੇਰੇ ਬੋਲ
ਲਵਲੀ ਕਰਦਾ ਰਹਿੰਦਾ ਸਿਫ਼ਤਾਂ ,

ਤੂੰ ਕਿੰਨਾ ਸੋਹਣਾ ਮੈਂ ਕੀ ਕਹਾਂ
ਤੂੰ ਆਪ ਹੀ ਪੁੱਛ ਲਾ

ਇਨ੍ਹਾਂ ਲੱਗੇ ਕਾਗ਼ਜ਼ ਦੇ ਢੇਰਾਂ ਤੋਂ
ਇਨ੍ਹਾਂ ਲੱਗੇ ਕਾਗ਼ਜ਼ ਦੇ ਢੇਰਾਂ ਤੋਂ

# ਤੇਰੀ ਸਾਦਗੀ

ਕਦੇ ਛੰਦ ਭਰਦਾ ਕਦੇ ਰਸ ਭਰਦਾ
ਹੁਣ ਕਿਵੇਂ ਦੱਸਾਂ ਮੈਂ ਕਿੰਨਾ ਪਿਆਰ ਕਰਦਾ

ਕਦੇ ਸੰਸਕ੍ਰਿਤੀ ਸਿੱਖਦਾ
ਕਦੇ ਉਰਦੂ ਸਿੱਖਦਾ
ਹੁਣ ਕਿਵੇਂ ਦੱਸਾਂ ਮੈਂ ਕੀ ਕੀ ਲਿਖਦਾ,

ਇੱਕ ਵਾਰ ਜੋ ਤੈਨੂੰ ਮਿਲਿਆ
ਫਿਰ ਉਹ ਕੌਣ..? ਹੋ ਜਾਂਦੇ ਨੇ,
ਤੇਰੀ ਖ਼ੂਬਸੂਰਤੀ ਤੇਰੇ ਨੂਰ ਅੱਗੇ
ਮੇਰੇ ਸਾਰੇ ਸ਼ਬਦ ਮੌਨ ਹੋ ਜਾਂਦੇ ਨੇ,

ਕਦੇ ਪੰਛੀਆਂ ਦੀਆਂ ਅਵਾਜ਼ਾਂ ਸੁਣਦਾ
ਕਦੇ ਜਾਨਵਰਾਂ ਦੀਆਂ ਅਵਾਜ਼ਾਂ ਸੁਣਦਾ
ਹੁਣ ਕਿਵੇਂ ਦੱਸਾਂ
ਮੈਂ ਕਿਹੜੇ ਕਿਹੜੇ ਅਲਫਾਜ਼ਾਂ ਨੂੰ ਚੁਣਦਾ,

ਕਦੇ ਬਾਜ਼ਾਰਾਂ ਵਿੱਚ ਘੁੰਮਦਾ

ਕਦੇ ਬਾਗ਼ਾਂ ਵਿੱਚ ਘੁੰਮਦਾ

ਹੁਣ ਕਿਵੇਂ ਦੱਸਾਂ...

ਮੈਂ ਕਿਸ ਧੂੜ ਨੂੰ ਫਿਰਾਂ ਚੁੰਮਦਾ,

ਤੇਰੇ ਵੱਲ ਇੱਕ ਵਾਰ ਜੋ ਤੱਕੇ

ਖਿਆਲਾਂ ਵਿੱਚ ਖੋ ਜਾਂਦੇ ਨੇ,

ਤੇਰੀ ਖ਼ੂਬਸੂਰਤੀ ਤੇਰੀ ਸਾਦਗੀ ਅੱਗੇ

ਮੇਰੇ ਸਾਰੇ ਸ਼ਬਦ ਮੌਨ ਹੋ ਜਾਂਦੇ ਨੇ,

# ਖ਼ਾਸ ਲਿਖ ਦਿੱਤਾ

ਆਮ ਜਿਹਾ ਲਿਖਦੇ ਲਿਖਦੇ
ਕੱਲ੍ਹ ਕੁਝ ਖ਼ਾਸ ਲਿਖ ਦਿੱਤਾ
ਜਜ਼ਬਾਤੀ ਹੋਇਆ ਦਿਲ ਮੇਰਾ
ਤੇਰਾ ਅਹਿਸਾਸ ਲਿਖ ਦਿਤਾ ,
ਲਿਖ ਦਿੱਤਾ ਤੇਰੇ ਨਾਲ਼
ਬਿਤਾਇਆ ਹਰ ਪਲ
ਤੂੰ ਦੂਰ ਚੱਲਿਆ ਗਿਆ ਮੇਰੇ ਤੋਂ
ਪਰ ਮੈਂ ਪਾਸ ਲਿਖ ਦਿਤਾ ,
ਤੇਰੀ ਇੱਜ਼ਤ ਮੇਰੀ ਇੱਜ਼ਤ
ਰਾਜ ਰਹੇਗਾ ਹਰ ਪੰਨਾ
ਤੇਰੇ ਨਾਮ ਦੀ ਜਗ੍ਹਾ ਤੇ ਗੁੰਮਨਾਮ
ਲਿਖ ਦਿੱਤਾ ,
ਆਮ ਜਿਹਾ ਲਿਖਦੇ ਲਿਖਦੇ
ਕੱਲ੍ਹ ਕੁਝ ਖ਼ਾਸ ਲਿਖ ਦਿੱਤਾ..!

# ਕਵਿਤਾਵਾਂ ਵਿੱਚ

ਬੜਾ ਸੋਹਣਾ ਲੱਗਾ ਚਿਹਰਾ
ਜਦ ਪਹਿਲੀ ਵਾਰ ਮੈਂ ਉਹਨੂੰ ਤੱਕਿਆ ਸੀ,

ਪਰ ਉਹ ਕਹਿੰਦੀ ਮੈਂ ਤਾਂ ਉਦੋਂ ਸੋਹਣੀ ਬਣੀ
ਜਦ ਤੂੰ ਪਹਿਲੀ ਵਾਰ
ਮੈਨੂੰ ਆਪਣੀਆਂ ਕਵਿਤਾਵਾਂ ਵਿੱਚ ਰੱਖਿਆ ਸੀ,

# ਤੇਰਾ ਹੋਣਾ

ਤੈਨੂੰ ਯਾਦ ਕਰਦਾ ਰਹਿੰਦਾ
ਤੇਰੇ ਤੋਂ ਭਾਵੇਂ ਦੂਰੀ ਆ
ਤੇਰਾ ਹੋਣਾ ਜਰੂਰੀ ਨਹੀਂ
ਤੇਰਾ ਅਹਿਸਾਸ ਹੋਣਾ ਜਰੂਰੀ ਆ

ਕੋਈ ਕਹੇ ਪਿਆਰ ਇਬਾਦਤ ਆ
ਕੋਈ ਕਹੇ ਪਿਆਰ ਕਿਆਮਤ ਆ
ਕੋਈ ਕਹੇ ਪਿਆਰ ਬਸ
ਜਜ਼ਬਾਤਾਂ ਦੀ ਸ਼ਰਾਰਤ ਆ
ਕੋਈ ਕਹੇ ਪਿਆਰ ਬਸ
ਇੱਕ ਦੂਜੇ ਨੂੰ ਦੇਖਣ ਦੀ ਆਦਤ ਆ

ਕਿੰਨੇ ਸ਼ਾਇਰ ਕਿੰਨੇ ਨੇ ਗ਼ਜ਼ਲਕਾਰ ,
ਸਮਝ ਨੀ ਪਾਇਆ ਕੋਈ ਵੀ
ਕੀ ਹੈ ਇਹ " ਪਿਆਰ " ,
ਪਾਪੀ ਬੰਦਾ ਲਈ ਇਹ ਹੈ
ਬਸ ਇੱਕ ਮਤਲਬ ,

ਚੰਗੇ ਬੰਦੇ ਲਈ ਇਹ ਹੈ
ਰੱਬ ਤੇ ਸਭ ,

ਬੜਾ ਕੁਝ ਸਿਖਾਇਆ ਜਿੰਦਗੀ ਨੇ ,
ਬੜਾ ਕੁਝ ਸਮਝਾਇਆ ਜਿੰਦਗੀ ਨੇ ,
ਪਰ ਤੇਰੇ ਨਾਮ ਬਿਨਾਂ ਇਹ
ਲਿਖਤ ਅਧੂਰੀ ਆ ,

ਤੈਨੂੰ ਯਾਦ ਕਰਦਾ ਰਹਿੰਦਾ
ਤੇਰੇ ਤੋਂ ਭਾਵੇਂ ਦੂਰੀ ਆ ,
ਤੇਰਾ ਹੋਣਾ ਜਰੂਰੀ ਨਹੀਂ
ਤੇਰਾ ਅਹਿਸਾਸ ਹੋਣਾ ਜਰੂਰੀ ਆ

# ਵਿਹਲਾ ਬੰਦਾ

ਘਰ ਰਹਿ ਕੇ ਮੈਂ ਕੀ ਕਰਨਾ
ਅੱਜ ਦਾ ਦਿਨ ਵੀ ਗੁਆ ਲਿਆ,
ਆਉਣਾ ਤੂੰ ਕੀ ਲੋਕਾਂ ਸਾਹਮਣੇ
ਅੱਜ ਫਿਰ ਖ਼ੁਦ ਨੂੰ ਲੋਕਾਂ ਤੋਂ ਛੁਪਾ ਲਿਆ ,
ਕਿੰਨਾ ਕੁ ਕਰੇਂਗਾ ਖ਼ੁਦ ਨੂੰ ਤੰਗ ,
ਦੁੱਖਾਂ ਕੋਲੋਂ ਕਰ ਰਿਹਾ ਖ਼ੁਸ਼ੀਆਂ ਦੀ ਮੰਗ ,
ਕਿਉਂ ਉਤਾਰ ਖਿਆਲਾਂ ਨੂੰ ਕਿੱਲੀ ਰਿਹਾ ਟੰਗ ,
ਖੋਲ੍ਹ ਦੇ ਦਰਵਾਜ਼ੇ ਦਿਲ ਦੇ ਕਿਉਂ ਰਿਹਾ ਸੰਗ ,
ਚੁੱਕ ਕਲਮ ਤੇ ਡਾਇਰੀ ਅੱਜ ਪੰਨਿਆਂ ਤੇ
ਕੁਝ ਉਤਾਰ ਦੇ ,
ਥੋੜਾ ਜਾ ਆਪਣੇ ਦਿਲ ਦੀਆਂ ਗਹਿਰਾਈਆਂ ਵੱਲ
ਛੱਡ ਲੋਕਾਂ ਨੂੰ
ਹੁਣ ਥੋੜਾ ਖ਼ੁਦ ਦੇ ਜਜ਼ਬਾਤਾਂ ਨੂੰ ਪਿਆਰ ਦੇ ,
ਥੋੜਾ ਖ਼ੁਦ ਦੇ ਜਜ਼ਬਾਤਾਂ ਨੂੰ ਪਿਆਰ ਦੇ...!

# ਉਦਾਸ ਚੰਨ

ਕੱਲ੍ਹ ਰਾਤ ਦੀ ਗੱਲ ਹੈ
ਅਸਮਾਨ ਨੂੰ ਬੜਾ ਪਾਸ
ਦੇਖਿਆ ਮੈਂ ,

ਸ਼ਾਂਤ ਸੀ ਹਰ ਕੋਈ
ਚੰਨ ਤਾਰਿਆਂ ਨੂੰ
ਉਦਾਸ ਦੇਖਿਆ ਮੈਂ ,

ਪੁੱਛਿਆ ਜਦੋਂ ਤਾਰਿਆਂ ਨੂੰ
ਉਹ ਬੋਲੇ ਹੀ ਨਹੀਂ ,
ਸਭ ਭੁੱਲ ਗਏ ਸਾਨੂੰ
ਚੰਨ ਬੋਲ ਪਿਆ ,

ਕਦੇ ਗੱਲਾਂ ਕਰਦਾ ਸੀ
ਇਨਸਾਨ ਸਾਡੇ ਨਾਲ਼
ਹੁਣ ਦੇਖੋ

ਵਟਸਐੱਪ ਤੇ ਫੇਸਬੁੱਕ
ਫ਼ਰੋਲ ਰਿਹਾ

ਕੁਝ ਤਾਰੇ ਅਜੇ ਚਾੜਨੇ ਸੀ
ਕੁਝ ਖ਼ਾਲੀ ਪੰਨੇ ਮੈਂ ਭਰਨੇ ਸੀ
ਜੋ ਹਨੇਰਾ ਦੂਰ ਕਰਦਾ ਸੀ
ਉਹ ਚੰਨ ਬਣਿਆ ਜਿੰਦਾ ਲਾਸ਼
ਦੇਖਿਆ ਮੈਂ ,

ਕੱਲ੍ਹ ਰਾਤ ਦੀ ਗੱਲ ਹੈ
ਅਸਮਾਨ ਨੂੰ ਬੜਾ ਪਾਸ
ਦੇਖਿਆ ਮੈਂ ,

ਸ਼ਾਂਤ ਸੀ ਹਰ ਕੋਈ
ਚੰਨ ਤਾਰਿਆਂ ਨੂੰ
ਉਦਾਸ ਦੇਖਿਆ ਮੈਂ

# ਅੰਮ੍ਰਿਤ

ਲੋਕੀਂ ਉਹਦਾ ਦਿਲ ਮੰਗ ਰਹੇ
ਉਹਨੂੰ ਇੱਕ ਵਾਰ ਦਿਲੋਂ ਚਾਹੁੰਣ ਲਈ ,

ਤੇ ਲਵਲੀ ਮੰਗ ਰਿਹਾ ਉਹਦੇ  ਪੈਰਾਂ ਦੀ ਧੂੜ
ਇੱਕ ਵਾਰ ਮੱਥੇ ਨਾਲ ਲਾਉਣ ਲਈ ,

ਉਹ ਕੀ ਹੈ ਤਾਰੀਫ਼ਾਂ ਸਾਰੇ ਸ਼ਾਇਰ ਕਰਨ
ਉਹਦੀ ਤਾਰੀਫ਼ ਕਰਨ ਤੋਂ ਬਸ ਇੱਕ ਚੰਨ ਰਿਹਾ ਆ ,

ਲੋਕੀਂ ਸਮਝ ਰਹੇ ਉਹਨੂੰ ਖ਼ੂਬਸੂਰਤੀ ਦੀ ਮਿਸਾਲ ਕੋਈ
ਤੇ ਲਵਲੀ ਉਹਨੂੰ ਕਿਸੇ ਦਰਬਾਰ ਦਾ ਕੋਈ
ਅੰਮ੍ਰਿਤ " ਮੰਨ ਰਿਹਾ ਆ

# ਮਾਂ ਬੋਲੀ ਦੇ ਅੱਖਰ

ਜ਼ਿੰਦਗੀ ਸਿਖਾਉਂਦੀ ਬੰਦੇ ਨੂੰ
ਤੇ ਅਸੀਂ ਭਾਵਨਾਵਾਂ ਪੜ੍ਹ ਰਹੇ ਆਂ

ਬਣ ਸਿਹਾਰੀ-ਬਿਹਾਰੀ , ਬਿੰਦੀ-ਟਿੱਪੀ
ਅੱਖਰਾਂ ਤੇ ਚੜ੍ਹ ਰਹੇ ਆਂ,

ਖ਼ਿਆਲ ਬੰਦੇ ਦੇ ਜਜ਼ਬਾਤ ਬੰਦੇ ਦੇ
ਇਕਾਂਤ ਵਿੱਚ ਨਾਲ਼ ਬੰਦੇ ਦੇ ਖੜ੍ਹ ਰਹੇ ਆਂ,

ਅੱਖਰ ਹਾਂ ਆਪਣੀ ਮਾਂ ਬੋਲੀ ਦੇ
ਪਰ ਹੁਣ ਅੰਗਰੇਜ਼ੀ ਦੀ ਵਾੜ ਵਿੱਚ ਹੜ੍ਹ ਰਹੇ ਆਂ,

ਸੰਸਕ੍ਰਿਤੀ ਬਚ ਜਾਏ , ਵਿਰਸਾ ਬਚ ਜਾਏ
ਬਣ ਕਵਿਤਾ ..!
ਬਣ ਗਜ਼ਲ ..!
ਬਣ ਨਾਵਲ ..!

ਆਪਣੀ ਲੜਾਈ ਇਹ ਕਿਰਦਾਰ ਬਣ ਕੇ ਲੜ

ਰਹੇ ਆਂ,

ਆਪਣੀ ਲੜਾਈ ਇਹ ਕਿਰਦਾਰ ਬਣ ਕੇ ਲੜ

ਰਹੇ ਆਂ,

# ਬਣ ਕੇ ਦੇਖ

ਇਸ਼ਕ ਖ਼ੁਦਾ ਦਾ
ਕਰ ਕੇ ਦੇਖ,
ਕਿਸੇ ਸੂਫੀ ਸੰਤ ਦਾ
ਪੱਲਾ ਫੜ ਕੇ ਦੇਖ,
ਲੋਕੀਂ ਬੈਠੇ ਵਿੱਚ ਕਤਾਰ ਦੇ
ਤੂੰ ਵੀ ਜ਼ਰਾ ਖੜ ਕੇ ਦੇਖ,
ਕਰ ਪਹਿਚਾਣ ਆਪਣੀ ਜ਼ਿੰਦਗੀ ਦੀ
ਖ਼ੁਦ ਨਾਲ਼ ਜ਼ਰਾ ਲੜ ਕੇ ਦੇਖ,

ਲਵਲੀ....
ਬਹੁਤ ਬਣ ਕੇ ਦੇਖ ਲਿਆ ਦੁਨੀਆਂ ਦਾ
ਹੁਣ ਤੂੰ ਜ਼ਰਾ ਰੱਬ ਦਾ ਬਣ ਕੇ ਦੇਖ.

# ਇਹ ਰਿਸ਼ਤਾ

ਕਿੰਨੀ ਉਸਦੀ ਜਿੰਦਗੀ ਹਸੀਨ ਹੈ
ਯਾਰ ਮੇਰਾ ਜਿਸਮਾਂ ਦਾ ਸ਼ੌਂਕੀਨ ਹੈ ,

ਮੈਂ ਸ਼ਿੰਗਾਰ ਕਰਦੀ ਸੀ
ਓਹਦਾ ਪਿਆਰ ਪਾਉਣ ਲਈ ,
ਤੇ ਉਹ ਲੱਭੇ ਹੋਰਾਂ ਨੂੰ
ਜਿਸਮ ਹੰਢਾਉਣ ਲਈ ,

ਜਿਸਮਾਂ ਨਾਲ਼ ਉਹ ਪਿਆਸ ਮਿਟਾਵੇ
ਪਰ ਉਹਦੀ ਪਿਆਸ ਨਹੀਂ ਮਿਟ ਦੀ ,

ਅੱਜ ਕੱਲ੍ਹ ਉਹਨੂੰ ਕੋਈ
ਜਿਸਮ ਹੰਢਾਵਣ ਵਾਲੀ
ਸੋਹਣੀ ਨਾਰ ਨਹੀਂ ਦਿਖ ਦੀ ,

ਭਰੋਸਾ ਕਰਕੇ ਮੇਰੇ ਤੇ ਉਹਨੇ
ਮੈਨੂੰ ਸੀ ਚੁਣਿਆ ,

ਸਭ ਸੱਚ ਪਤਾ ਲੱਗ ਗਿਆ ਕੱਲ੍ਹ ਮੈਨੂੰ
ਜਦ ਲੋਕਾਂ ਨੂੰ ਗੱਲ ਕਰਦੇ ਮੈਂ ਸੁਣਿਆ ,

ਤੂੰ ਧੋਖਾ ਦੇ ਰਿਹਾ ਮੈਨੂੰ
ਉਹ ਵੀ ਬਸ ਇੱਕ ਸੋਹਣੇ ਜਿਸਮਾਂ ਕਰਕੇ ,

ਦੱਸ ਤੈਨੂੰ ਕੀ ਨਹੀਂ ਮਿਲਿਆ
ਕੀ ਨਹੀਂ ਮਿਲਿਆ ਮੇਰਾ ਬਣ ਕੇ ,

ਕਦੇ ਕਦੇ ਤਾਂ ਮੈਨੂੰ ਇੰਝ ਲੱਗਦਾ ਸੀ
ਜਿਵੇਂ ਜਨਮਾਂ ਜਨਮਾਂ ਦਾ ਕੋਈ
ਮੁਸਾਫ਼ਿਰ ਮਿਲ ਗਿਆ,

ਮੰਨਦੀ ਸੀ ਮੈਂ ਕਦੇ ਸਭ ਕੁਝ ਰੱਬ ਨੂੰ
ਪਰ ਨਾਸਤਿਕ ਬਣਾਉਣ ਵਾਲਾ
ਮੈਨੂੰ ਇੱਕ ਕਾਫ਼ਿਰ ਮਿਲ ਗਿਆ ,

ਬਸ ਹੁਣ ਹੱਦ ਹੋ ਗਈ
ਮੈਂ ਤੈਨੂੰ ਹੋਰ ਸਮਝਾ ਨਹੀਂ ਸਕਦੀ ,

ਲੈ...! ਹੁਣ

ਅੱਜ ਤੋਂ ਮੈਂ ਤੇਰੇ ਨਾਲ਼ ਸਾਰੇ ਬੰਧਨ ਤੋੜੇ

ਇਹ ਰਿਸ਼ਤਾ ਮੈਂ ਹੋਰ ਨਿਭਾ ਨਹੀਂ ਸਕਦੀ ,

ਇਹ ਰਿਸ਼ਤਾ ਮੈਂ ਹੋਰ ਨਿਭਾ ਨਹੀਂ ਸਕਦੀ ...!

# ਕੀ ਲਿਖਾਂ

ਤੇਰੇ ਬਾਰੇ ਕੀ ਲਿਖਾਂ ਮੇਰੇ ਕੋਲ
ਤੇ ਸ਼ਬਦ ਥੋੜੇ ਨੇ,
ਚੰਨ ਤਾਰੇ ਤਾਂ ਇੱਕ ਪਾਸੇ
ਗੁੱਸੇ ਕੰਨਾ ਟਿੱਪੀ ਹੋੜੇ ਨੇ,

ਜੇ ਬੋਲਾਂ ਤੈਨੂੰ ਚੰਨ , ਤੇ
ਜੁਗਨੂੰ ਨਾਰਾਜ਼ ਹੁੰਦੇ ਨੇ,
ਜੇ ਬੋਲਾਂ ਤੈਨੂੰ ਸੂਰਜ, ਤੇ
ਕਲਮ ਦੇ ਫਿੱਕੇ ਸਾਰੇ ਅਲਫ਼ਾਜ਼ ਹੁੰਦੇ ਨੇ,

ਤੂੰ ਬੋਲੇਂ ਜੇ ਬੋਲ ਮੁੱਖ ਤੋਂ
ਤੈਨੂੰ ਕੀ ਦੱਸਾਂ ਹੁਣ ਮੈਂ
ਤੂੰ ਤੇ ਹਜ਼ਾਰਾਂ ਬੰਦੇ ਦੋਜਖ਼ ਤੋਂ ਮੋੜੇ ਨੇ,
ਤੇਰੇ ਬਾਰੇ ਕੀ ਲਿਖਾਂ ਮੇਰੇ ਕੋਲ
ਤੇ ਸ਼ਬਦ ਥੋੜੇ ਨੇ,
ਚੰਨ ਤਾਰੇ ਤਾਂ ਇੱਕ ਪਾਸੇ
ਗੁੱਸੇ ਕੰਨਾ ਟਿੱਪੀ ਹੋੜੇ ਨੇ,

ਕਈ ਦਿਨਾਂ ਤੋਂ ਟਿੱਪੀ ਤੇਰੇ ਨਾਮ ਤੇ
ਚੜਨਾ ਚਾਹੇ
ਪਰ ਕਲਮ ਆ ਕੇ ਕੁਝ ਲਿਖਦੀ ਨਹੀਂ ,
ਕਈ ਦਿਨਾਂ ਤੋਂ ਸਿਹਾਰੀ ਤੇਰੇ ਨਾਮ ਨਾਲ਼
ਖੜਨਾ ਚਾਹੇ
ਤੂੰ ਆ ਕੇ ਲਵਲੀ ' ਨੂੰ ਦਿਖਦੀ ਨਹੀਂ,

ਤੇਰੇ ਨਖ਼ਰੇ ਹਜ਼ਾਰਾਂ ਨੇ
ਤੇਰੇ ਪਿੱਛੇ ਕਈ ਪਾਗ਼ਲ ਹੋਏ
ਤੇ ਕਈਆਂ ਨੇ ਹੱਥ ਜੋੜੇ ਨੇ,

ਤੇਰੇ ਬਾਰੇ ਕੀ ਲਿਖਾਂ ਮੇਰੇ ਕੋਲ
ਤੇ ਸ਼ਬਦ ਥੋੜੇ ਨੇ,
ਚੰਨ ਤਾਰੇ ਤਾਂ ਇੱਕ ਪਾਸੇ
ਗੁੱਸੇ ਕੰਨਾ ਟਿੱਪੀ ਹੋੜੇ ਨੇ

# ਕਵੀ

ਜੇ ਉਹ ਲਿਖੇ ਫੁੱਲਾਂ ਬਾਰੇ
ਤੇ ਭੰਵਰਾ ਹੋ ਗਿਆ ,

ਜੇ ਉਹ ਲਿਖੇ ਆਪਣੇ ਬਾਰੇ
ਤੇ ਬੇਖ਼ਬਰਾ ਹੋ ਗਿਆ,

ਜੇ ਉਹ ਲਿਖੇ ਅਸਮਾਨ ਬਾਰੇ
ਤੇ ਤਾਰਾ ਹੋ ਗਿਆ,
ਜੇ ਉਹ ਲਿਖੇ ਵਗਦੇ ਪਾਣੀ ਬਾਰੇ
ਤੇ ਕਿਨਾਰਾ ਹੋ ਗਿਆ,,

ਜੇ ਉਹ ਲਿਖੇ ਪਿਆਰ ਮੁਹੱਬਤ ਬਾਰੇ
ਤੇ ਕੋਈ ਆਸ਼ਿਕ ਪ੍ਰੇਮੀ ਹੋ ਗਿਆ,,

ਜੇ ਉਹ ਲਿਖੇ ਧੋਖੇ ਤੇ ਚਲਾਕੀਆਂ
ਤੇ ਕੋਈ ਠੱਗ ਤੇ ਫ਼ਰੇਬੀ ਹੋ ਗਿਆ,,

ਜੇ ਉਹ ਲਿਖੇ ਪੱਥਰਾਂ ਬਾਰੇ
ਤੇ ਹਥੌੜਾ ਹੋ ਗਿਆ ,,

ਜੇ ਉਹ ਲਿਖੇ ਸੱਚ ਤੇ ਝੂਠ
ਤੇ ਜ਼ਹਿਰ ਕੋਈ ਕੌੜਾ ਹੋ ਗਿਆ,,

ਜੇ ਲਿਖੇ ਉਹ ਪਸ਼ੂਆਂ ਪੰਛੀਆਂ ਬਾਰੇ
ਤੇ ਪਿਆਰਾ ਹੋ ਗਿਆ ,,

ਜੇ ਉਹ ਲਿਖੇ ਦੁੱਖਾਂ ਦਰਦਾਂ ਬਾਰੇ
ਤੇ ਅੱਖਾਂ ਦਾ ਪਾਣੀ ਖਾਰਾ ਹੋ ਗਿਆ,,

ਕੀ ਕੀ ਲਿਖਦਾ..
ਤੇ ਕੌਣ ਲਿਖਦਾ
ਇਹ ਤੁਸੀਂ ਸਮਝ ਨਹੀਂ ਸਕਦੇ,

ਉਹ ਤੇ ਕਲਪਨਾ ਤੋਂ ਜਨਮਿਆ
ਇੱਕ ਅੱਖਰੀਂ ਰੂਪ ਆ
ਜਿੱਥੇ ਤੱਕ ਸ਼ਾਇਰ ਤੇ ਕਵੀ ਜਾ ਲਿਖਦੇ

ਓਥੇ ਤੱਕ ਤੁਸੀਂ ਜਾ ਨਹੀਂ ਸਕਦੇ,,,

ਜ਼ਰੂਰੀ ਨਹੀਂ ਕੀ ਬੂੰਦਾ ਬਾਂਦੀ
ਹੋ ਰਹੀ ਹੋਵੇ ਤੇ
ਉਹ ਰੂਪ ਹੜ੍ਹਾਂ ਦਾ ਹੁੰਦਾ ਏ ,
ਬਸ ਇਸੇ ਤਰ੍ਹਾਂ ਜ਼ਰੂਰੀ ਨਹੀਂ
ਕਿ ਜਿਸ ਤਰ੍ਹਾਂ ਲਿਖੇ ਕਵੀ
ਉਹ ਉਸੇ ਤਰ੍ਹਾਂ ਦਾ ਹੁੰਦਾ ਏ ,,

ਕੁਝ ਲੋਕੀਂ ਪਹਿਚਾਣ ਕਰਦੇ
ਕਰ ਲੈਂਦੇ ਆ ਸ਼ਾਇਰ ਦੀ ਅੱਖਰਾਂ ਨਾਲ਼,,
ਕੁਝ ਲੋਕੀਂ ਪਹਿਚਾਣ ਕਰਦੇ
ਕਰ ਲੈਂਦੇ ਕੱਚ ਦਾ ਪੱਥਰਾਂ ਨਾਲ਼

# ਹੇ ਪਿਆਰ !

ਹੇ.. ਪਿਆਰ

ਤੈਨੂੰ ਵਿਸ਼ਵਾਸ ਕਹਾਂ

ਜਾਂ ਫ਼ਿਰ

ਕਿਸੇ ਦੁਖੀ ਨੂੰ ਸੁੱਖ ਮਿਲਣ ਦੀ ਆਸ ਕਹਾਂ

ਹੇ... ਪਿਆਰ

ਤੈਨੂੰ ਮਰਿਆਦਾ ਕਹਾਂ

ਜਾਂ ਫ਼ਿਰ

ਜਨਮਾਂ ਜਨਮਾਂ ਦਾ ਕੀਤਾ

ਇੱਕ ਵਾਅਦਾ ਕਹਾਂ

ਹੇ... ਪਿਆਰ

ਤੈਨੂੰ ਤਿਆਗ ਕਹਾਂ

ਜਾਂ ਫ਼ਿਰ

ਕਿਸੇ ਸ਼ਾਇਰ ਦੀ ਲਿਖੀ ਕਿਤਾਬ ਕਹਾਂ

ਹੇ ਪਿਆਰ

ਤੈਨੂੰ ਵਿਛੋੜਾ ਕਹਾਂ

ਜਾਂ ਫ਼ਿਰ

ਤੈਨੂੰ ਜ਼ਿੰਦਗੀ ਦਾ ਦੁੱਖ ਦਰਦ ਜ਼ਿਆਦਾ

ਸੁੱਖ ਥੋੜਾ ਕਹਾਂ

ਹੇ.... ਪਿਆਰ

ਤੈਨੂੰ ਸਬਰ ਕਹਾਂ

ਜਾਂ ਫ਼ਿਰ

ਕਿਸੇ ਲਈ ਨਵਾਂ ਜਨਮ ਜਾਂ ਫ਼ਿਰ ਕਬਰ ਕਹਾਂ

ਹੇ... ਪਿਆਰ

ਤੂੰ ਹੀ ਦੱਸ ਤੈਨੂੰ ਮੈਂ ਕੀ ਕਹਾਂ

ਕੀ ਕਹਾਂ ਤੈਨੂੰ ਮੈਂ ਕੀ ਕਹਾਂ

ਤੂੰ ਹੀ ਦੱਸ ਦੇ ਪਿਆਰ

ਤੈਨੂੰ ਮੈਂ ਕੀ ਕਹਾਂ

ਕੋਈ ਕਹੇ ਪਿਆਰ ਦਿਲਾਂ ਵਿੱਚ ਵੱਸਦਾ ਹੈ

ਕੋਈ ਕਹੇ ਇਹ ਵਿਛੋੜੇ ਵਿੱਚ ਹੱਸਦਾ ਹੈ

ਕੋਈ ਕਹੇ ਤੂੰ ਰੱਬ ਨਾਲ਼ ਮਿਲਣ ਦੀ ਪੌੜੀ ਆ

ਕੋਈ ਕਹੇ ਪਿਆਰ ਕਰਨ ਵਾਲੇ ਦੀ ਅਕਲ ਥੋੜੀ ਆ

ਕੋਈ ਦੱਸੇ ਤੇਰੇ ਬਾਰੇ

ਤੇ ਮੈਂ ਲਿਖ ਲਵਾਂ....

ਹੁਣ ਤੂੰ ਹੀ ਦੱਸ ਪਿਆਰ

ਤੈਨੂੰ ਮੈਂ ਕੀ ਕਹਾਂ ?

# ਆਸ਼ਕ ਲੋਕ

ਪਤਾ ਨਹੀਂ ਕਦੋਂ ਕੌਣ ਦਿਲ ਤੇ ਲੱਗ ਜਾਂਦਾ ,
ਪਤਾ ਨਹੀਂ ਕਦੋਂ ਕੌਣ ਧੋਖਾ ਦੇ ਕੇ ਭੱਜ ਜਾਂਦਾ,

ਸਭ ਕੁੱਝ ਜਾਣ ਕੇ ਵੀ ਅਣਜਾਣ  ਬਣ ਜਾਂਦੇ ਨੇ ,
ਪਤਾ ਨਹੀਂ ਲੱਗਦਾ ਕਦੋਂ ਇੱਕ ਦੂਜੇ ਦੀ
ਜਾਨ ਬਣ ਜਾਂਦੇ ਨੇ ,

ਫ਼ਿਰ ਜਦ ਪੁੱਛੇ ਹਾਲ ਦਿਲ ਦਾ ਲਵਲੀ "
ਕਹਿੰਦੇ ਸਾਡੇ ਤਾਂ ਦੁੱਖ ਵੀ ਸੁੱਖਾਂ ਨਾਲ਼ ਦੇ ਆ ,

ਲੋਕੀਂ ਪਾਲਦੇ ਪਸ਼ੂ ਪੰਛੀਆਂ ਨੂੰ
ਤੇ ਆਸ਼ਿਕ ਲੋਕ ਦੁੱਖਾਂ ਨੂੰ ਪਾਲਦੇ ਆ ,

ਪਹਿਲਾਂ ਕਰਦੇ  ਆ ਪਿਆਰ ਦਿਲ ਤੋਂ
ਦੂਜਾ ਪਿਆਰ ਵਿੱਚ ਕਦਰ ਭਾਲਦੇ ਆ ,

ਉਹਦੀ ਖ਼ੁਸ਼ੀ ਚ ਆਪਣੀ ਖ਼ੁਸ਼ੀ ਲੱਭਦੇ ਨੇ ,
ਇੱਕ ਦੂਜੇ ਦੇ ਪਿਆਰੇ ਪਿਆਰੇ ਨਾਮ ਰੱਖਦੇ ਨੇ,

ਜਿੰਦਗੀ ਦੇ ਹਰ ਦੁੱਖ ਸੁੱਖ ਨੂੰ
ਇੱਕ ਦੂਜੇ ਨਾਲ਼ ਕਰਦੇ ਨੇ ਸਾਂਝਾ ,
ਜੋ ਗੱਲ ਗੱਲ ਤੇ ਕਦਰ ਭਾਲਦੇ
ਇਹਨਾਂ ਕਿੱਥੋਂ ਬਣ ਜਾਣਾ ਹੀਰ ਤੇ ਰਾਂਝਾ,

ਕੁਝ ਬੰਦੇ ਇੱਥੇ ਪਿਆਰ ਚ ਨਸ਼ਿਆਂ ਤੇ ਲੱਗ ਗਏ
ਤੇ ਕਈ ਜਿਸਮਾਂ ਨੂੰ ਅੱਗ ਚਾਂ ਜਾਲਦੇ ਆ ,

ਲੋਕੀਂ ਪਾਲਦੇ ਪਸ਼ੂ ਪੰਛੀਆਂ ਨੂੰ
ਤੇ ਆਸ਼ਿਕ ਲੋਕ ਦੁੱਖਾਂ ਨੂੰ ਪਾਲਦੇ ਆ ,

ਪਹਿਲਾਂ ਕਰਦੇ ਆ ਪਿਆਰ ਦਿਲ ਤੋਂ
ਦੂਜਾ ਪਿਆਰ ਵਿੱਚ ਕਦਰ ਭਾਲਦੇ ਆ ,

ਇੱਕ ਦੂਜੇ ਨੂੰ ਕਹਿੰਦੇ ਤੇਰੇ ਨਾਲ਼
ਪਿਆਰ ਮੇਰਾ ਰੂਹਾਂ ਦਾ,
ਸਭ ਮਤਲਬੀ ਇੱਥੇ ਕੌਣ ਯਾਦ ਕਰਦਾ

ਵਿਛੋੜਾ ਪਾਣੀ ਤੇ ਖੂਹਾਂ ਦਾ,

ਖੂਹ ਦਾ ਵੀ ਕਦੇ ਮੁੱਲ ਸੀ
ਮੁੱਲ ਸੀ ਪਾਣੀ ਨਾਲ਼
ਕੌਣ ਪਿਆਰ ਨੂੰ ਸਮਝ ਪਾਇਆ
ਕਿੱਸੇ ਨਾਵਲ ਕਹਾਣੀ ਨਾਲ਼

ਮਿਲਦਾ ਫ਼ਿਰ ਜਦ ਧੋਖਾ ਪਿਆਰ ਚ
ਲਿਖ ਲਿਖ ਕਵਿਤਾਵਾਂ ਸ਼ਾਇਰੀ
ਯਾਦਾਂ ਸੰਭਾਲਦੇ ਆ

ਲੋਕੀਂ ਪਾਲਦੇ ਪਸ਼ੂ ਪੰਛੀਆਂ ਨੂੰ
ਤੇ ਆਸ਼ਿਕ ਲੋਕ ਦੁੱਖਾਂ ਨੂੰ ਪਾਲਦੇ ਆਂ

ਪਹਿਲਾਂ ਕਰਦੇ ਆ ਪਿਆਰ ਦਿਲ ਤੋਂ
ਦੂਜਾ ਪਿਆਰ ਵਿੱਚ ਕਦਰ ਭਾਲਦੇ ਆ

# ਡੁੱਬ ਜਾਣਾ ਤੂੰ

ਡੁੱਬ ਜਾਣਾ ਤੂੰ
ਮੇਰੇ ਦਿਲ ਦੀ ਇੰਨੀ ਗਹਿਰਾਈ ਏ,
ਲੋਕੀਂ ਕਰਦੇ ਨਹੀਂ ਯਕੀਨ
ਕਹਿੰਦੇ ਕੋਈ ਗੱਲ ਤੂੰ ਜਰੂਰ ਛੁਪਾਈ ਏ ,

ਖੋਲ੍ਹ ਕੇ ਕਿਤਾਬ ਮੇਰੇ ਅਹਿਸਾਸਾਂ ਦੀ
ਤੂੰ ਕੀ ਲੱਭਦਾ ਹੈ ,
ਇਹ ਦਿਲ ਆ ਕੋਈ ਸ਼ਹਿਰ ਨਹੀਂ
ਇਹ ਸੁੰਦਰ ਨਿਰਮਾਣ ਉਸ ਰੱਬ ਦਾ ਹੈ,
ਇੱਥੇ ਰਾਸਤੇ ਕਈ ਨੇ
ਕਿਤੇ ਖ਼ੁਸ਼ੀ, ਕਿਸੇ ਗ਼ਮੀ, ਕਿਤੇ ਤਨਹਾਈ
ਬੜੇ ਖਿਆਲ ਰਹਿੰਦੇ ਨੇ ,
ਵਾਸ਼ਪ ਬਣ ਉੱਡਦੇ ਇਹ
ਸ਼ਬਦਾਂ ਦੇ ਬੱਦਲਾਂ ਚ ਜਾ ਰਲਦੇ ਨੇ
ਫ਼ਿਰ ਹੁੰਦੀ ਜੋ ਬਾਰਿਸ਼ ਜ਼ੋਰ ਜ਼ੋਰ ਨਾਲ਼
ਨੂੰ ਲੋਕੀਂ ਫਿਰ ਕਵਿਤਾ ਕਹਿੰਦੇ ਨੇ ,

ਤੂੰ ਮੇਰੇ ਵਿੱਚ ਮੈਨੂੰ ਖੋਜਦਾ
ਜਦ ਕਿ ਮੇਰੀ ਹਰ ਭਾਵਨਾ ਇਨ੍ਹਾਂ
ਅੱਖਾਂ ਚ ਸਮਾਈ ਹੈ ,

ਡੁੱਬ ਜਾਣਾ ਤੂੰ
ਮੇਰੇ ਦਿਲ ਦੀ ਇੰਨੀ ਗਹਿਰਾਈ ਏ ,
ਲੋਕੀਂ ਕਰਦੇ ਨਹੀਂ ਯਕੀਨ
ਕਹਿੰਦੇ ਕੋਈ ਗੱਲ ਤੂੰ ਜਰੂਰ ਛੁਪਾਈ ਏ ,

ਚੱਲ ਸਾਫ਼ ਸਾਫ਼ ਵੀ ਜੇ ਬੋਲ ਦਿਆਂ
ਤੂੰ ਹਿੰਮਤ ਜ਼ਰਾ ਬਣਾ ਕੇ ਰੱਖੀਂ ,
ਮੈਂ ਆਉਣਾ ਤੇਰੇ ਖ਼ਿਆਲਾਂ ਚ
ਤੂੰ ਦਿਲ ਆਪਣੇ ਚ ਰੋਸ਼ਨੀ ਜਗਾ ਕੇ ਰੱਖੀਂ,
ਇਹ ਹਵਾ ਕੋਲ ਰੋਜ਼
ਤੇਰੇ ਵੱਲ ਕਈ ਸੁਨੇਹੇ ਭੇਜਦੇ ਆ ,
ਇਹ ਚੰਨ ਤਾਰੇ ਮੁਸਕੁਰਾਉਂਦੇ
ਸਾਰੇ ਮੇਰੀਆਂ ਹਰਕਤਾਂ ਦੇਖਦੇ ਆ,
ਇਹ ਵੀ ਸਮਝ ਨਾ ਪਾਈ ਮੇਰੀਆਂ ਗੱਲਾਂ
ਤੇਰੇ ਕੋਲੋਂ ਖਾਲੀ ਹੱਥ ਮੁੜ ਆਈ ਏ ,

ਡੁੱਬ ਜਾਣਾ ਤੂੰ
ਮੇਰੇ ਦਿਲ ਦੀ ਇੰਨੀ ਗਹਿਰਾਈ ਏ ,
ਲੋਕੀਂ ਕਰਦੇ ਨਹੀਂ ਯਕੀਨ
ਕਹਿੰਦੇ ਕੋਈ ਗੱਲ ਤੂੰ ਜਰੂਰ ਛੁਪਾਈ ਏ ,

ਮੈਂ ਤਾਂ ਛੁਪਾਉਣਾ ਚਾਹੁੰਦੀ ਸੀ ਲੋਕਾਂ ਕੋਲੋਂ
ਪਰ ਇਹ ਅੱਖਾਂ ਨੂੰ ਕਿਵੇਂ ਛੁਪਾਵਾਂ,
ਜਿਹਨਾਂ ਨੂੰ ਹਰ ਪਾਸੇ ਤੂੰ ਦਿਸਦਾ
ਮੈਂ ਇਹ ਨਜ਼ਰਾਂ ਕਿਵੇਂ ਝੁਕਾਵਾਂ,
ਇਹ ਤਿੱਤਲੀਆਂ ਵੀ ਸਭ ਤੇਰੀਆਂ ਦੀਵਾਨੀਆਂ
ਤੈਨੂੰ ਦੇਖਣੇ ਵਿੱਚ ਰੁੱਝ ਜਾਂਦੀਆਂ ਨੇ ,
ਮੈਂ ਜਾਵਾਂ ਕਿੱਧਰੇ ਤੇਰੇ ਕੋਲ਼
ਜਾਂ ਕਹਿ ਦਵਾਂ ਇਨ੍ਹਾਂ ਨੂੰ
ਤੂੰ ਸਿਰਫ਼ ਮੇਰਾ ਹੈ
ਝੱਟ ਪੱਟ ਇਹ ਰੁੱਸ ਜਾਂਦੀਆਂ ਨੇ ,

ਇਹ ਸਭ ਮੇਰੀਆਂ ਸਹੇਲੀਆਂ ਨੇ
ਤੂੰ ਫ਼ਿਕਰ ਨਾ ਕਰ
ਖ਼ੁਸ਼ ਕਰਨ ਲਈ ਇਹਨਾਂ ਨੂੰ

ਮੈਂ ਘਰੇ ਫੁੱਲਾਂ ਦੀ ਕਿਆਰੀ ਬਣਾਈ ਏ ,

ਡੁੱਬ ਜਾਣਾ ਤੂੰ
ਮੇਰੇ ਦਿਲ ਦੀ ਇੰਨੀ ਗਹਿਰਾਈ ਏ ,
ਲੋਕੀਂ ਕਰਦੇ ਨਹੀਂ ਯਕੀਨ
ਕਹਿੰਦੇ ਕੋਈ ਗੱਲ ਤੂੰ ਜਰੂਰ ਛੁਪਾਈ ਏ ,

ਤੇਰੇ ਲਈ ਅਸੀਂ ਲਿਖਦੇ ਰਹਿੰਦੇ
ਕਵਿਤਾਵਾਂ ਗਜ਼ਲਾਂ ਤੇ ਸ਼ਾਇਰੀ ,
ਤੂੰ ਚੁੱਕਦਾ ਨਹੀਂ , ਪੜਦਾ ਨਹੀਂ
ਮੇਰੇ ਦਿਲ ਦੀਆਂ ਗੱਲਾਂ ਦੀ ਡਾਇਰੀ ,
ਤੈਨੂੰ ਨਾ ਲੱਗੇ ਕੁਝ ਸਮਝ
ਥੋੜਾ ਦਿਲ ਤੋਂ ਕੰਮ ਲੈ ਲਿਆ ਕਰ ,
ਕੁਝ ਸੁਣ ਲਿਆ ਕਰ ਸਾਡੀਆਂ
ਕੁਝ ਆਪਣੀਆਂ ਕਹਿ ਲਿਆ ਕਰ ,

ਤੂੰ ਪੜ ਨਹੀਂ ਪਾਇਆ ਤੇ
ਮੈਂ ਕੀ ਕਰਾਂ
ਕਈ ਵਾਰ ਤੈਨੂੰ ਦੇਖ ਮੇਰੀ
ਅੱਖ ਸ਼ਰਮਾਈ ਏ,

ਡੁੱਬ ਜਾਣਾ ਤੂੰ
ਮੇਰੇ ਦਿਲ ਦੀ ਇੰਨੀ ਗਹਿਰਾਈ ਏ ,
ਲੋਕੀਂ ਕਰਦੇ ਨਹੀਂ ਯਕੀਨ
ਕਹਿੰਦੇ ਕੋਈ ਗੱਲ ਤੂੰ ਜਰੂਰ ਛੁਪਾਈ ਏ ,

# ਪਰਿਭਾਸ਼ਾ

ਜਜ਼ਬਾਤ ਤੇ ਪਿਆਰ ਦਿਲ ਵਿੱਚ ਭਰੇ
ਲੋਕੀਂ ਸਮਝਦੇ ਕੋਈ ਫੁੱਲ ਹੈ ਖ਼ੂਬਸੂਰਤ ,
ਕਦੇ ਇਹ ਕਾਲੀ , ਕਦੇ ਇਹ ਰਾਧਾ
ਪੰਜ ਤੱਤਾਂ ਤੋਂ ਬਣੀ ਹੈ ਲਕਸ਼ਮੀ ਦੀ ਇਹ ਮੂਰਤ ,
ਕਿੰਨੇ ਵੀ ਮਾੜੇ ਹਾਲਾਤ ਕਿਉਂ ਨਾ ਹੋਣ
ਇਹਦੀ ਟੁੱਟਦੀ ਨਹੀਂ ਕਦੇ ਆਸ਼ਾ,

ਜੇ ਸਮਝਣਾ ਹੋਵੇ ਕੁਰਬਾਨੀ ਕੀ ਆ..?
ਤੇ ਇੱਕ ਔਰਤ ਹੀ ਦੱਸ ਸਕਦੀ
ਕੁਰਬਾਨੀਆਂ ਦੀ ਸੱਚੀ ਪ੍ਰੀਭਾਸ਼ਾ,

ਦੁੱਖ ਹੋਣ ਚਾਹੇ ਹੋਣ ਪ੍ਰੇਸ਼ਾਨੀਆਂ ਇਹ ਕਰਦੀ
ਸਭ ਦਾ ਸੁਆਗਤ ,
ਗੱਲ ਜਜ਼ਬਾਤਾਂ ਦੀ ਹੋਵੇ ਜਾਂ ਹੋਵੇ ਹੱਕਾਂ ਦੀ
ਲੋੜ ਪੈਣ ਤੇ ਕਰ ਦਿੰਦੀ ਖ਼ੁਦ ਨੂੰ ਸਮਾਪਤ ,
ਜਿੱਥੇ ਇਹ ਆਪਣੇ ਸੰਪੂਰਨ ਰੂਪ ਵਿੱਚ ਹੋਵੇ
ਉੱਥੇ ਰਹਿੰਦੀ ਨਹੀਂ ਕਦੇ ਨਿਰਾਸ਼ਾ,

ਜੇ ਸਮਝਣਾ ਹੋਵੇ ਕੁਰਬਾਨੀ ਕੀ ਆ..?

ਤੇ ਇੱਕ ਔਰਤ ਹੀ ਦੱਸ ਸਕਦੀ

ਕੁਰਬਾਨੀਆਂ ਦੀ ਸੱਚੀ ਪ੍ਰੀਭਾਸ਼ਾ,

# ਫੁੱਲਾਂ ਦੀ ਸ਼ੌਂਕੀਨ

ਬਾਗਾਂ ਵਿੱਚ ਜਿਸ ਨੇ ਫੁੱਲ ਉਗਾਏ ,
ਲੋਕਾਂ ਨੂੰ ਜੰਨਤ ਦੇ ਦੀਦਾਰ ਕਰਵਾਏ ,
ਉਪਜਾਊ ਤੇ ਟਿਕਾਊ ਜਿਸ ਕੋਲ਼ ਜ਼ਮੀਨ ਹੈ ,

ਚੰਚਲ ਤੇ ਸ਼ਰਾਰਤੀ
ਕੁਦਰਤ ਦੀ ਪ੍ਰੇਮੀ
ਇੱਕ ਕੁੜੀ ਮੇਰੀ ਦੋਸਤ ਬਣੀ
ਜੋ ਫੁੱਲਾਂ ਦੀ ਸ਼ੌਂਕੀਨ ਹੈ,

ਪਹਿਲੀ ਵਾਰ ਜਦ ਮੈਂ ਉਹਨੂੰ ਦੇਖਿਆ
ਉਹ ਤਿੱਤਲੀਆਂ ਨਾਲ਼ ਖੇਡਦੀ ਸੀ ,
ਫੁੱਲਾਂ ਵਿੱਚ ਰਹਿਣ ਵਾਲੀ
ਖ਼ੁਦ ਫੁੱਲਾਂ ਵਰਗੀ ਸੀ
ਮਿੱਟੀ ਨਾਲ਼ ਜਾਣ-ਬੁੱਝ ਉਹ ਹੱਥ ਲਿਬੇੜਦੀ ਸੀ ,

ਉਹਦਾ ਮਿੱਟੀ ਨਾਲ਼ ਮੋਹ
ਜਿਵੇਂ ਮੋਹ ਮਾਵਾਂ ਨੂੰ ਪੁੱਤਾਂ ਦਾ ,

ਕਿਸ ਰੁੱਤੇ ਕਿਹੜੇ ਫੁੱਲ ਨਿਕਲਦੇ
ਕਿਸ ਰੁੱਤੇ ਕਿਹੜੇ ਫ਼ਲ ਪੱਕਦੇ
ਇੰਤਜ਼ਾਰ ਕਰਦੀ ਰਹਿੰਦੀ ਉਹ
ਬਦਲਦੀਆਂ ਰੁੱਤਾਂ ਦਾ,

ਮੈਨੂੰ ਵੀ ਉਸਨੇ ਕੁਦਰਤ ਨਾਲ਼ ਮਿਲਾਇਆ,
ਇਹ ਕੁਦਰਤ ਕਿਵੇਂ ਸਾਨੂੰ ਖੁਸ਼ ਰੱਖਦੀ ਦਿਖਾਇਆ ,
ਚੜ੍ਹਦੇ ਸੂਰਜ ਨਾਲ਼ ਕਿਹੜੇ ਫੁੱਲ ਖਿੜਦੇ ,
ਫ਼ਲ ਕਦੋਂ ਪੱਕਦੇ ਤੇ ਕਦੋਂ ਥੱਲੇ ਡਿੱਗਦੇ ,
ਤਿੱਤਲੀਆਂ ਦੇ ਕਿਹੜੇ ਕਿਹੜੇ ਰੰਗ ,
ਪੰਛੀ ਦੀਆਂ ਅਵਾਜ਼ਾਂ ਤੇ ਬੋਲਣੇ ਦੇ ਢੰਗ ,
ਮੈਂ ਬੜਾ ਕੁਝ ਸਿੱਖਿਆ ਜਦੋਂ ਉਹਨੇ ਮੈਨੂੰ
ਕੁਦਰਤ ਨਾਲ਼ ਮਿਲਾਇਆ,

ਅਖ਼ੀਰ ਮੈਂ ਪੁੱਛ ਲਿਆ ਕੇ
ਉਹਦਾ ਕੁਦਰਤ ਨਾਲ਼ ਤੇ ਫੁੱਲਾਂ ਨਾਲ਼
ਇਨ੍ਹਾਂ ਪਿਆਰ ਕਿਵੇਂ ਆ,
ਉੱਚੀ ਉੱਚੀ ਹੱਸਦੀ ਨੇ ਜਵਾਬ ਦਿੱਤਾ
ਇਨਸਾਨ ਮਤਲਬੀ ਹੈ
ਇਨਸਾਨ ਚੋਰ ਹੈ,

ਜੋ ਹੈ ਉਹ ਦਿਖਾਈ ਨਹੀਂ ਦਿੰਦਾ
ਜੋ ਦਿਖਦਾ ਉਹ ਕੋਈ ਹੋਰ ਹੈ,
ਇਸ ਕਰਕੇ ਮੈਨੂੰ ਕੁਦਰਤ ਨਾਲ਼ ਪਿਆਰ
ਤੇ ਖ਼ੁਦ ਤੇ ਯਕੀਨ ਹੈ ,

ਬਾਗਾਂ ਵਿੱਚ ਜਿਸ ਨੇ ਫ਼ੁੱਲ ਉਗਾਏ
ਲੋਕਾਂ ਨੂੰ ਜੰਨਤ ਦੇ ਦੀਦਾਰ ਕਰਵਾਏ
ਉਪਜਾਊ ਤੇ ਟਿਕਾਊ ਜਿਸ ਕੋਲ਼ ਜ਼ਮੀਨ ਹੈ ,

ਚੰਚਲ ਤੇ ਸ਼ਰਾਰਤੀ
ਕੁਦਰਤ ਦੀ ਪ੍ਰੇਮੀ
ਇੱਕ ਕੁੜੀ ਮੇਰੀ ਦੋਸਤ ਬਣੀ
ਜੋ ਫ਼ੁੱਲਾਂ ਦੀ ਸ਼ੌਕੀਨ ਹੈ..
ਜੋ ਫ਼ੁੱਲਾਂ ਦੀ ਸ਼ੌਕੀਨ ਹੈ....!

# ਮੈਂ ਗੱਲ ਉਹਨਾਂ ਦੀ ਕਰਦਾ

ਜਦੋਂ ਪਵੇ ਤੇਜ਼ ਧੁੱਪ
ਤੇਰੇ ਚਿਹਰੇ ਦਾ ਨੂਰ ਬਣ ਜਾਣ ,
ਜਦੋਂ ਚੱਲੇ ਤੇਜ਼ ਹਵਾ
ਤੇਰੇ ਪੈਰਾਂ ਦੀ ਧੂੜ ਬਣ ਜਾਣ ,

ਜਦੋਂ ਪੈਣ ਸਰਦੀ ਵਿੱਚ ਧੁੰਦਾਂ
ਤੇਰੇ ਚਿਹਰੇ ਦੀ ਮੁਸਕਾਨ ਬਣ ਜਾਣ ,
ਜਦੋਂ ਆਉਣ ਰੁੱਤਾਂ ਬਹਾਰਾਂ ਦੀਆਂ
ਤੇਰੇ ਚਿਹਰੇ ਦੀ ਸ਼ਾਨ ਬਣ ਜਾਣ,

ਜੋ ਕਰਨ ਤੈਨੂੰ ਦਿਲੋਂ ਪਿਆਰ
ਜੋ ਦਿੰਦੇ ਤੇਰੇ ਤੋਂ ਆਪਣੀ ਖ਼ੂਬਸੂਰਤੀ ਵਾਰ
ਜੋ ਤਿੱਖੇ ਕੰਡਿਆਂ ਦੀ ਨਿਗਰਾਨੀ ਵਿੱਚ ਰਹਿੰਦੇ ਨੇ,

ਜਿਨ੍ਹਾਂ ਨੂੰ ਦੇਖ ਰੂਹ ਖੁਸ਼ ਹੁੰਦੀ ਤੇਰੀ
ਜਿਨ੍ਹਾਂ ਦੀ ਖ਼ੂਬਸੂਰਤੀ ਨਾਲ ਕਲਮ ਚੱਲੇ ਮੇਰੀ
ਮੈਂ ਗੱਲ ਉਹਨਾਂ ਦੀ ਕਰਦਾ
ਜਿਨ੍ਹਾਂ ਨੂੰ ਲੋਕੀਂ ਫੁੱਲ ਕਹਿੰਦੇ ਨੇ ,

# ਮਹਿਕ ਆਵੇ

ਮਹਿਕ ਆਵੇ ਹੁਣ ਹਰ ਪਾਸੇ ਤੋਂ
ਤੇਰੇ ਲੱਗਣਾ ਜਦੋਂ ਗਲੀ ਚੋਂ ਹੋ ਗਿਆ ,
ਸੁੱਕੇ ਪੱਤਿਆਂ ਵਾਂਗ ਹਾਲ ਹੋਏ
ਸਾਡਾ ਦਿਲ ਖ਼ਿਆਲਾਂ ਚ ਖੋ ਗਿਆ,

ਨਾ ਜਾਗਦਿਆਂ ਦਾ ਪਤਾ ਲੱਗਦਾ
ਨਾ ਸੌਣ ਵੇਲੇ ਨੀਂਦਾਂ ਆ ਰਹੀਆਂ,
ਬਿਨਾਂ ਮਾਨਸੂਨ ਦੇ ਮੀਂਹ ਪੈ ਰਿਹਾ
ਇਹ ਰੁੱਤਾਂ ਬਦਲ ਦੀਆਂ ਜਾ ਰਹੀਆਂ,

ਖ਼ੂਬਸੂਰਤੀ ਬਾਰੇ ਹੁਣ ਕੀ ਲਿਖਾਂ
ਤੇਰੀ ਗੱਲਾਂ ਨੂੰ ਸੁਣਨ ਲਈ ਕੰਨ ਤਰਸੇ ,
ਤੈਨੂੰ ਦੇਖਣ ਦਾ ਦਿਲ ਬੜਾ ਕਰ ਰਿਹਾ
ਪਰ ਬਾਹਰ ਆ ਕਿ ਜ਼ੋਰਾਂ ਦਾ ਮੀਂਹ ਬਰਸੇ,

ਇਹ ਮੌਸਮ ਹੁਣ ਬੜੇ ਖ਼ਰਾਬ ਹੋ ਗਏ
ਸਾਨੂੰ ਸਬਰ ਕਰਨਾ ਸਿਖਾ ਰਹੇ ,

ਇਹ ਚੰਨ ਤਾਰੇ ਵੀ ਸਾਰੇ ਤੇਰੇ ਦੀਵਾਨੇ
ਤੈਨੂੰ ਆਪਣਾ ਦੱਸ ਸਾਨੂੰ ਤੜਫਾ ਰਹੇ,

ਕੁਦਰਤ ਦੇ ਇਹ ਰੰਗ ਤੇ ਵਸਤੂਆਂ
ਸਾਰੇ ਮੈਨੂੰ ਹੁਣ ਹੱਲਾਸ਼ੇਰੀਆਂ ਦੇ ਰਹੇ ,
ਬਸ ਤੂੰ ਹੀ ਨਹੀਂ ਹੁਣ ਮੇਰੇ ਕੋਲ਼
ਕਦੋਂ ਕਰੇਗਾ ਦਿਲ ਦੀ ਗੱਲ ਮੈਨੂੰ ਕਹਿ ਰਹੇ ,

ਤੇਰੇ ਬਾਰੇ ਲਿਖਦਾ ਲਿਖਦਾ ਖਿਆਲਾਂ ਚ ਡੁੱਬਿਆ
ਅੱਜ ਫਿਰ ਲਵਲੀ ਸੋਚਦਾ ਸੋਚਦਾ ਸੋ ਗਿਆ,

ਮਹਿਕ ਆਵੇ ਹੁਣ ਹਰ ਪਾਸੇ ਤੋਂ
ਤੇਰੇ ਲੱਗਣਾ ਜਦੋਂ ਗਲੀ ਚੋਂ ਹੋ ਗਿਆ ,
ਸੁੱਕੇ ਪੱਤਿਆਂ ਵਾਂਗ ਹਾਲ ਹੋਏ
ਸਾਡਾ ਦਿਲ ਖਿਆਲਾਂ ਚ ਖੋ ਗਿਆ

# ਬਚਪਨ

ਕਿੰਨਾ ਖੂਬਸੂਰਤ ਨਜ਼ਾਰਾ ਹੁੰਦਾ
ਹੁੰਦਾ ਹੈ ਚੰਨ ਤਾਰਿਆਂ ਦਾ,
ਇੱਕ ਛੋਟਾ ਜਿਹਾ ਘਰ ਹੁੰਦਾ ਹੈ
ਹੁੰਦਾ ਹੈ ਬਚਪਨ ਚ ਸਾਰਿਆਂ ਦਾ,

ਪਹਿਲਾਂ ਘਰ ਮਾਂ ਦੀ ਕੁੱਖ ਹੁੰਦਾ
ਜਿੱਥੇ ਮਾਂ ਨਾਲ ਹੀ ਸਾਹ ਲੈਣੇ ,
ਕੁੱਖ ਚ ਹੀ ਸਾਰਾ ਰਾਸ਼ਨ ਪਹੁੰਚ ਜਾਣਾ
ਕੀ ਕਰਾਂ ਤੇਰੀ ਸਿਫ਼ਤ ਵਾਹਿਗੁਰੂ
ਤੇ ਕੀ ਤੇਰੇ ਕਹਿਣੇ... !

ਦੂਜਾ ਘਰ ਮਾਂ ਦੀ ਗੋਦ ਹੁੰਦਾ
ਜਿੱਥੇ ਹੁੰਦੀ ਮਾਂ ਦੀ ਮਮਤਾ ਤੇ ਪਿਆਰ ,
ਨਾ ਕੁਝ ਬੋਲਣਾ ਬਸ ਰੋ ਰੋ ਸਭ ਦੱਸਣਾ
ਕਿੰਨਾ ਪਿਆਰਾ ਹੁੰਦਾ ਮਾਂ ਦਾ ਲਾਡ ਦੁਲਾਰ,

ਤੀਜਾ ਘਰ ਬਣਦਾ ਫਿਰ ਧਰਤੀ ਮਾਂ ਦੀ ਗੋਦ
ਜਿੱਥੇ ਜੋ ਆਪਣੀ ਨਾ ਹੋ ਕੇ ਵੀ ਮਾਂ ਵਾਂਗ ਪਾਲਦੀ,

ਇਹਦੇ ਉੱਪਰ ਖੇਡਣਾ, ਕੁੱਦਣਾ ਤੇ ਟੱਪਣਾ
ਪਰ ਮਾਂ ਫਿਰ ਵੀ ਰਹਿੰਦੀ ਸੀ ਟਾਲ ਦੀ ,

ਫਿਰ ਘਰ ਬਣਦਾ ਸਾਡਾ ਸਕੂਲ
ਘਰ ਤੋਂ ਬਾਹਰ ਜਾਂਦੇ ਸਾਡੇ ਕਦਮ ,
ਫਿਰ ਅਧਿਆਪਕ ਬਣਦੇ ਸਾਡੀ ਮਾਂ
ਤੇ ਹੁੰਦਾ ਸਾਡੀ ਸੋਚ ਦਾ ਨਵਾਂ ਜਨਮ ,

ਇਨ੍ਹਾਂ ਸਾਰਿਆਂ ਦਾ ਰਿਸ਼ਤਾ ਬੜਾ
ਗੂੜਾ ਸਾਡੇ ਨਾਲ
ਜਿਵੇਂ ਸਾਥ ਹੁੰਦਾ ਨਦੀ ਤੇ ਕਿਨਾਰਿਆਂ ਦਾ ,

ਕਿੰਨਾ ਖੂਬਸੂਰਤ ਨਜ਼ਾਰਾ ਹੁੰਦਾ
ਹੁੰਦਾ ਹੈ ਚੰਨ ਤਾਰਿਆਂ ਦਾ,
ਇੱਕ ਛੋਟਾ ਜਿਹਾ ਘਰ ਹੁੰਦਾ ਹੈ
ਹੁੰਦਾ ਹੈ ਬਚਪਨ ਚ ਸਾਰਿਆਂ ਦਾ,

# ਸਾਦਗੀ

ਤਨ ਮਨ ਤੋਂ ਪਵਿੱਤਰ
ਸਾਫ਼ ਸੁਥਰਾ ਜਿਸਦਾ ਚਰਿੱਤਰ
ਸਾਦਗੀ ਜਿਸ ਦੀ ਹੈ ਗ਼ੁਲਾਮ
ਦਿਲ ਵਿੱਚ ਜਿਸ ਦੇ ਰਹਿੰਦੇ ਰਾਮ

ਆਉਣ ਨਾਲ਼ ਜਿਸਦੇ ਪਵਨ ਮਹਿਕੇ
ਚੱਲਦਾ ਜਿਵੇਂ ਚੰਦਨ ਦਾ ਧੂਪ ਹੈ ,
ਹਨੇਰੇ ਨੂੰ ਚਾਨਣ ਮਿਲ ਜਾਏ
ਰਸਤਿਆਂ ਵਿੱਚ ਫ਼ੁੱਲ ਖਿਲ ਜਾਏ
ਮਾਂ ਲਕਸ਼ਮੀ ਦਾ ਉਹ ਰੂਪ ਹੈ,

ਨਾ ਕੋਈ ਸ਼ਿੰਗਾਰ , ਨਾ ਕੋਈ ਹੰਕਾਰ
ਪਹਿਰਾਵਾ ਉਸ ਦਾ ਸਾਦਾ ਹੈ,
ਨਾ ਕੋਈ ਸਮਝ, ਨਾ ਕੋਈ ਰਮਜ਼
ਪ੍ਰੇਮ ਦੀ ਮੂਰਤ ਉਹ ਤਾਂ ਰਾਧਾ ਹੈ,

ਗੁੱਸਾ ਆਵੇ ਕਾਲੀ ਬਣ ਜਾਏ
ਗੀਤ ਸੁਣਾਏ ਸਰਸਵਤੀ ਹੈ ,

ਦਿਲ ਦੀਆਂ ਗੱਲਾਂ ਸੁਣਾਵੇ ਰਾਧਾ ਰਾਣੀ
ਤਿਆਗ ਮਰਿਯਾਦਾ ਦੀ ਦੇਵੀ ਉਹ ਸਤੀ ਹੈ,
ਕਿੰਨੇ ਭਾਗਾਂ ਵਾਲੀ ਹੈ ਉਹ
ਜੋ ਤੇਰੇ ਚਰਨਾਂ ਦੀ ਧੂੜ ਹੈ,

ਤਨ ਮਨ ਤੋਂ ਪਵਿੱਤਰ
ਸਾਫ਼ ਸੁਥਰਾ ਜਿਸਦਾ ਚਰਿੱਤਰ
ਸਾਦਗੀ ਜਿਸ ਦੀ ਹੈ ਗ਼ੁਲਾਮ
ਦਿਲ ਵਿੱਚ ਜਿਸ ਦੇ ਰਹਿੰਦੇ ਰਾਮ

ਆਉਣ ਨਾਲ਼ ਜਿਸਦੇ ਪਵਨ ਮਹਿਕੇ
ਚੱਲਦਾ ਜਿਵੇਂ ਚੰਦਨ ਦਾ ਧੂਪ ਹੈ ,
ਹਨੇਰੇ ਨੂੰ ਚਾਨਣ ਮਿਲ ਜਾਏ
ਰਸਤਿਆਂ ਵਿੱਚ ਫੁੱਲ ਖਿਲ ਜਾਏ
ਮਾਂ ਲਕਸ਼ਮੀ ਦਾ ਉਹ ਰੂਪ ਹੈ,

# ਰਿਸ਼ਤੇ

ਕਰਜ਼ਾ ਬਣ ਜਾਂਦਾ ਕੀਤਾ ਸਤਿਕਾਰ
ਫਿਰ ਮੁੜਦੀਆਂ ਨਹੀਂ ਅਹਿਸਾਨ ਦੀਆਂ ਕਿਸ਼ਤਾਂ,
ਮਤਲਬ ਆ ਤੇ ਬੁਲਾ ਲਓ ਨਹੀਂ ਤੇ
ਦਿਖਾਵੇ ਦਾ ਬਣ ਕੇ ਰਹਿ ਗਿਆ ਅੱਜ ਦਾ ਰਿਸ਼ਤਾ,

ਸਾਂਝੀਆਂ ਕੰਧਾਂ ਬਣ ਗਈ ਦੁਸ਼ਮਣੀ
ਇਨ੍ਹਾਂ ਘਰਾਂ ਵਿੱਚ ਹੁਣ ਦਮ ਘੁੱਟਦਾ ਆ,
ਅਸੀਂ ਨਾ ਸਮਝ, ਸਮਝ ਹੀ ਨਹੀਂ ਪਾ ਰਹੇ
ਕਿ ਕਿਉਂ ਕੋਈ ਰਿਸ਼ਤਾ ਟੁੱਟਦਾ ਆ,

# ਹੱਦ ਬਣਾ ਲਈ

ਜਜ਼ਬਾਤਾਂ ਦੀ ਇੱਥੇ ਕੋਈ
ਕਦਰ ਨਹੀਂ ਕਰਦਾ
ਮਤਲਬੀ , ਝੂਠਾ ਇਨਸਾਨ
ਦਿਲ ਤੋੜਨ ਲੱਗੇ ਨਹੀਂ ਡਰਦਾ ,
ਦਿਲ ਦੀ ਗੱਲ ਮੈਂ
ਦਿਲ ਚ ਹੀ ਛੁਪਾ ਲਈ,

ਜਿੰਨਾ ਉਹ ਪਿਆਰ ਕਰੇ
ਉਨ੍ਹਾਂ ਹੀ ਮੈਂ ਕਰਨਾ
ਖ਼ੁਦ ਨੂੰ ਇਹ ਗੱਲ ਸਮਝਾ ਲਈ
ਟੁੱਟ ਨਾ ਜਾਣ ਜਜ਼ਬਾਤ ਮੇਰੇ
ਆਪਣੇ ਚਾਹੁਣ ਦੀ ਮੈਂ
ਇੱਕ ਹੱਦ ਬਣਾ ਲਈ ,

# ਤੂੰ ਪੜ੍ਹਿਆ ਨਹੀਂ

ਤੂੰ ਪੜ੍ਹਿਆ ਨਹੀਂ ਕਦੇ ਮੈਨੂੰ
ਤੇ ਸਭ ਕੁਝ ਜਾਣ ਲਿਆ,
ਬਸ ਮਹਿਸੂਸ ਕਰ ਕੇ ਮੈਨੂੰ
ਸਮਝ ਲਿਆ ਤੇ ਪਹਿਚਾਣ ਲਿਆ ,

ਕਦੇ ਲੱਗੇ ਤੂੰ ਕੋਈ ਭੰਵਰਾ ਹੈ ,
ਕਦੇ ਲੱਗੇ ਤੂੰ ਦੁਨੀਆ ਤੋਂ ਬੇਖਬਰਾ ਹੈ ,

ਕਦੇ ਅੱਖਾਂ ਪੜ੍ਹ ਕੇ ਮੇਰੀਆਂ ਤੂੰ
ਲਿਖੇ ਕਵਿਤਾਵਾਂ ,
ਮੇਰੇ ਵਿੱਚ ਹੈ ਕੀ ਜੋ ਤੂੰ ਦੇਖਿਆ
ਹਰ ਪਲ ਨਾਲ ਰਹੇ ਬਣ ਕੇ ਪਰਛਾਵਾਂ ,

ਨਾ ਤੂੰ ਪੜ੍ਹਿਆ ਕਦੇ ਗੁਰੀ ਨੂੰ
ਤੇ ਨਾ ਕਦੇ ਪੜ੍ਹਿਆ ਸ਼ਿਵ ਨੂੰ
ਇਹ ਅੱਖਰਾਂ ਵਿੱਚ ਖ਼ਿਆਲਾਂ ਨੂੰ ਲਿਖਣਾ
ਇਹ ਕਿੱਥੋਂ ਤੂੰ ਗਿਆਨ ਲਿਆ ,

ਤੂੰ ਪੜ੍ਹਿਆ ਨਹੀਂ ਕਦੇ ਮੈਨੂੰ
ਤੇ ਸਭ ਕੁਝ ਜਾਣ ਲਿਆ
ਬਸ ਮਹਿਸੂਸ ਕਰ ਕੇ ਮੈਨੂੰ
ਸਮਝ ਲਿਆ ਤੇ ਪਹਿਚਾਣ ਲਿਆ

✪✪✪✪✪✪

# ਆਮ ਜਿਹਾ

ਆਮ ਜਿਹਾ ਹੀ ਲਿਖਦੇ ਰਹੋ
ਜੇ ਕੁਝ ਖ਼ਾਸ ਨਹੀਂ ਲਿਖ ਹੁੰਦਾ
ਕੁਦਰਤ ਦਾ ਰੰਗ, ਕੁਦਰਤ ਦੀ ਖ਼ੂਬਸੂਰਤੀ ਲਿਖ ਦੋ
ਕੀ ਹੋਇਆ ਜੇ ਖ਼ੁਦ ਦਾ ਅਹਿਸਾਸ ਨਹੀਂ ਲਿਖ ਹੁੰਦਾ ,
ਪੱਥਰ ਪਿਘਲ ਜਾਣ
ਦੁੱਖ ਜਿੰਦਗੀ ਚੋਂ ਨਿਕਲ ਜਾਣ,
ਕੰਡੇ ਫ਼ੁੱਲ ਬਣ ਜਾਣ
ਪਿੰਜਰੇ ਚ ਕੈਦ ਪੰਛੀ ਖੁੱਲ੍ਹ ਜਾਣ,
ਜਿੰਦਗੀ ਜਿਉਣ ਦੀ ਗੱਲ ਸਿਖਾਵੇ ਇਹ ਕੁਦਰਤ
ਕੀ ਹੋਇਆ ਜੇ ਚੰਨ ਤਾਰਿਆਂ ਨੂੰ ਪਾਸ ਨਹੀਂ
ਲਿਖ ਹੁੰਦਾ,

ਆਮ ਜਿਹਾ ਹੀ ਲਿਖਦੇ ਰਹੋ
ਜੇ ਖ਼ਾਸ ਨਹੀਂ ਲਿਖ ਹੁੰਦਾ
ਕੁਦਰਤ ਦਾ ਰੰਗ, ਕੁਦਰਤ ਦੀ ਖ਼ੂਬਸੂਰਤੀ ਲਿਖ ਦੋ
ਕੀ ਹੋਇਆ ਜੇ ਖ਼ੁਦ ਦਾ ਅਹਿਸਾਸ ਨਹੀਂ ਲਿਖ ਹੁੰਦਾ ,

ਇਹ ਅੱਖਰ ਨਾ ਸਮਝੋ ਮੋਤੀ ਸਮਝੋ
ਬਸ ਚੁੱਕ ਕੇ ਕਲਮ ਪੰਨਿਆਂ ਤੇ ਪਰੋ ਦਿਓ ,
ਜਿੰਦਗੀ ਦਾ ਕੀ ਦੁੱਖ ਸੁੱਖ ਸਭ ਦੇ ਹਿੱਸੇ ਨੇ
ਗੱਲਾਂ ਕਰਕੇ ਕਲਮ ਨਾਲ਼
ਥੋੜਾ ਹੱਸ ਲਿਓ ਤੇ ਥੋੜਾ ਰੋ ਲਿਓ ,

ਚਲੋ ਕੁਝ ਲਿਖਦੇ ਜਿਸ ਨੂੰ ਪੜਕੇ ਲੋਕੀਂ ਖੁਸ਼ ਹੋਣ ,
ਜਿੰਦਗੀ ਜਿਉਣ ਦੇ ਤਜ਼ਰਬੇ ਤੇ ਹਿੰਮਤ ਸਿਖਾਉਣ,
ਤੁੱਕਬੰਦੀ ਨਹੀਂ ਕਰ ਸਕਦੇ ਕਵਿਤਾ ਖੁੱਲ੍ਹੀ ਲਿਖ ਦੋ ,
ਧੁੱਪਾਂ ਦੀ ਥਾਂ ਛਾਵਾਂ , ਮਹਿਲਾਂ ਦੀ ਥਾਂ ਤੇ ਕੁੱਲੀ ਲਿਖ ਦੋ,

ਗ਼ਜ਼ਲ ਨਹੀਂ ਆਉਂਦੀ ਗੀਤ ਲਿਖ ਦੋ ,
ਵਿਛੋੜਾ ਨਹੀਂ ਲਿਖ ਸਕਦੇ ਪ੍ਰੀਤ ਲਿਖ ਦੋ
ਨਾਵਲ ਨਹੀਂ ਲਿਖ ਸਕਦੇ ਕਹਾਣੀ ਲਿਖ ਦੋ
ਕਿਤਾਬਾਂ ਪੜੋ , ਗ਼ਜ਼ਲਾਂ ਪੜ੍ਹੋ
ਦਿਲ ਦੀ ਗੱਲ ਸਮਝਾਉਣੀ ਸਿੱਖ ਲੋ

ਬਸ... ਦੁੱਖ ਨਾ ਬਣੋ ਕਿਸੇ ਲਈ ਜੇ ਆਸ
ਨਹੀਂ ਬਣ ਹੁੰਦਾ

ਆਮ ਜਿਹਾ ਹੀ ਲਿਖਦੇ ਰਹੋ

ਜੇ ਕੁਝ ਖ਼ਾਸ ਨਹੀਂ ਲਿਖ ਹੁੰਦਾ

ਕੁਦਰਤ ਦਾ ਰੰਗ, ਕੁਦਰਤ ਦੀ ਖ਼ੂਬਸੂਰਤੀ ਲਿਖ ਦੋ

ਕੀ ਹੋਇਆ ਜੇ ਖ਼ੁਦ ਦਾ ਅਹਿਸਾਸ ਨਹੀਂ ਲਿਖ ਹੁੰਦਾ

✪✪✪✪✪✪

# ਸਵੇਰਾ ਚੜ੍ਹਿਆ

ਅੱਜ ਸਵੇਰਾ ਚੜ੍ਹਿਆ
ਚੜ੍ਹਿਆ ਤੇਰੀ ਯਾਦ ਨਾਲ

ਇੰਝ ਲੱਗਾ ਜਿਵੇਂ ਪਾਕਿਸਤਾਨ
ਮਿਲ ਗਿਆ
ਮਿਲ ਗਿਆ ਪੰਜਾਬ ਨਾਲ਼ ,

ਮੈਨੂੰ ਪਤਾ ਤੇਰਾ ਅੱਜ ਤੱਕ
ਕਿਸੇ ਨੇ ਦਿਲ ਨਹੀਂ ਜਿੱਤਿਆ,
ਪਰ ਮੈਂ ਤੈਨੂੰ ਆਪਣੀ ਬਣਾਉਣਾ
ਮਨ ਚ ਹੈ ਮਿੱਥਿਆ ,

ਤੇਰਾ ਗੁੱਸਾ ਤੇਰੀ ਆਕੜ
ਮੈਂ ਆਪਣੇ ਪਿਆਰ ਨਾਲ਼
ਭੰਨਣੀ ਆ ,
ਅਸੀਂ ਇੰਤਜ਼ਾਰ ਕਰਦੇ ਉਸ ਪਲ ਦਾ
ਜਦ ਗੱਲ ਤੂੰ ਸਾਡੀ ਮੰਨਣੀ ਆ,

ਕਦੇ ਸੋਚਿਆ ਨਹੀਂ
ਕਿ ਉਹਨੂੰ ਵੀ ਪਿਆਰ ਹੋ ਸਕਦਾ
ਜਿਸ ਦਾ ਅੱਜ ਤੱਕ ਗੂੜ੍ਹਾ ਰਿਸ਼ਤਾ ਸੀ
ਰਿਸ਼ਤਾ ਸੀ ਡਾਇਰੀ ਤੇ ਕਿਤਾਬ ਨਾਲ਼,

ਅੱਜ ਸਵੇਰਾ ਚੜ੍ਹਿਆ
ਚੜ੍ਹਿਆ ਤੇਰੀ ਯਾਦ ਨਾਲ
ਇੰਝ ਲੱਗਾ ਜਿਵੇਂ ਪਾਕਿਸਤਾਨ
ਮਿਲ ਗਿਆ
ਮਿਲ ਗਿਆ ਪੰਜਾਬ ਨਾਲ਼ ,

ਅੱਜ ਲਿਖ ਦੇਣੀ ਅਪਣੇ ਦਿਲ ਦੀ ਗੱਲ
ਕਿਵੇਂ ਕਰਨਾ ਇਜ਼ਹਾਰ ਮਿਲ ਗਿਆ ਹੱਲ
ਅੱਜ ਕਵਿਤਾ ਇੱਕ ਬਣਾਉਣੀ ਆ ,

ਟੁੱਟ ਜਾਣਾ ਤੇਰਾ ਸਾਰਾ ਘਮੰਡ
ਤੇਰੀ ਆਕੜ ਤੇ ਪੈਣੀ ਜਦ ਪਿਆਰ ਦੀ ਚੰਡ,
ਦਿਲ ਦੀ ਗੱਲ ਜਦ ਮੈਂ ਸੁਣਾਉਣੀ ਆ,

ਪਤਾ ਮੈਨੂੰ ਇਹ ਸਭ ਦਿਖਾਵੇ

ਤੇਰੀ ਆਕੜ ਤੇ ਤੇਰੇ ਪਹਿਰਾਵੇ

ਸਭ ਮੇਰੇ ਹੋ ਜਾਣਗੇ

ਤੇਰੇ ਇੱਕ ਜਵਾਬ ਨਾਲ਼ ,

ਅੱਜ ਸਵੇਰਾ ਚੜ੍ਹਿਆ

ਚੜ੍ਹਿਆ ਤੇਰੀ ਯਾਦ ਨਾਲ

ਇੰਝ ਲੱਗਾ ਜਿਵੇਂ ਪਾਕਿਸਤਾਨ

ਮਿਲ ਗਿਆ

ਮਿਲ ਗਿਆ ਪੰਜਾਬ ਨਾਲ਼

✪✪✪✪✪✪

# ਲਿਖਣਾ ਹੀ ਨਹੀਂ ਚਾਹੁੰਦਾ

ਮੈਨੂੰ ਆਵੇ ਖ਼ਿਆਲ ਕਿਉਂ
ਜਦ ਮੈਂ ਲਿਖਣਾ ਹੀ ਨੀ ਚਾਹੁੰਦਾ
ਮੇਰੇ ਕੋਲ ਕਿਉਂ ਆਵੇ ਉਹ
ਜਦ ਮੈਂ ਦਿਖਣਾ ਹੀ ਨੀ ਚਾਹੁੰਦਾ

ਕਿਉਂ ਰੁਆ ਰਹੀ ਏ ਮੈਨੂੰ ਵਾਰ ਵਾਰ
ਜਦ ਇਹ ਹੰਝੂ ਡਿੱਗਣਾ ਹੀ ਨੀ ਚਾਹੁੰਦਾ

ਜਿਸ ਨੂੰ ਕਦੇ ਲੋੜ ਨਹੀਂ ਪਈ
ਉਹ ਹੁਣ ਖ਼ੁਦ ਨੂੰ ਸ਼ਿੰਗਾਰ ਰਹੀ ਏ,
ਮੇਰੇ ਨਾਲ ਪਾ ਕੇ ਪਿਆਰ ਮੁਹੱਬਤਾਂ
ਹੁਣ ਹੋਰਾਂ ਅੱਗੇ ਕੱਪੜੇ ਉਤਾਰ ਰਹੀ ਏ

ਬਣ ਕੇ ਬੈਠਾ ਜੋ ਪੱਥਰ ਹੁਣ
ਬਣ ਕੇ ਬੈਠਾ ਜੋ ਬੇਜਾਨ ਪੱਥਰ ਹੁਣ
ਦੇਖੋ ਉਹ ਪੱਥਰ ਚੋਂ ਵੀ ਮੂਰਤ ਉਸਾਰ ਰਹੀ ਏ

✪✪✪✪✪✪

# ਗੁਨਾਹ ਵੇ ਲੋਕੋ

ਸ਼ਰੇਆਮ ਲੁੱਟਦੀਆਂ ਇੱਜਤਾਂ ਦੇਖੋ
ਮੈਂ ਕਿੱਧਰ ਬਚ ਬਚ ਜਾਵਾਂ
ਹਰ ਪਾਸੇ ਇੱਜ਼ਤਾਂ ਦੇ ਲੁਟੇਰੇ ਫ਼ਿਰਦੇ
ਮੈਂ ਡਰ ਡਰ ਘਰ ਨੂੰ ਆਵਾਂ,
ਇਹ ਹੁਸਨ ਜਵਾਨੀ ਦੇਣ ਰੱਬ ਦੀ
ਮੈਂ ਕਿੰਝ ਹੁਣ ਇਹਨੂੰ ਲਵਾਂ ਬਚਾਅ

ਮੈਂ ਕੀਤਾ ਹੈ ਕੀ ਗੁਨਾਹ ਵੇ ਲੋਕੋ
ਮੈਂ ਕੀਤਾ ਹੈ ਕੀ ਗੁਨਾਹ ਵੇ ਲੋਕੋ
ਜਿਹੜਾ ਹੁੰਦਾ ਹੈ ਮੇਰੇ ਨਾਲ਼ ਜਬਰ ਜਨਾਹ ਵੇ ਲੋਕੋ
ਜਿਹੜਾ ਹੁੰਦਾ ਹੈ ਮੇਰੇ ਨਾਲ਼ ਜਬਰ ਜਨਾਹ ਵੇ ਲੋਕੋ

ਕਦੇ ਬੱਸ ਚ' ਹੁੰਦਾ ਹੈ ਬਲਾਤਕਾਰ ਮੇਰੇ ਨਾਲ਼
ਕਦੇ ਸ਼ਰੇਆਮ ਹੁੰਦਾ ਹੈ ਅੱਤਿਆਚਾਰ
ਮੈਂ ਕੁੜੀ ਜਵਾਨ ਮੈਨੂੰ ਰੱਬ ਨੇ ਬਣਾਇਆ
ਫਿਰ ਕਿਉਂ ਬਣਦੀ ਮੈਂ ਹਵਸ ਦਾ ਸ਼ਿਕਾਰ
ਇੰਨੀ ਬੁਰੀ ਤਰ੍ਹਾਂ ਮੈਨੂੰ ਨੋਚਦੇ ਦਰਿੰਦੇ

ਮੈਂ ਆ ਗਈ ਹੱਥ ਦਰਿੰਦਿਆਂ ਦੇ

ਮੇਰੀ ਜ਼ਿੰਦਗੀ ਹੋਈ ਸਵਾਹ ਵੇ ਲੋਕੋ

ਮੈਂ ਕੀਤਾ ਹੈ ਕੀ ਗੁਨਾਹ ਵੇ ਲੋਕੋ

ਮੈਂ ਕੀਤਾ ਹੈ ਕੀ ਗੁਨਾਹ

ਜਿਹੜਾ ਹੁੰਦਾ ਹੈ ਮੇਰੇ ਨਾਲ਼ ਜਬਰ ਜਨਾਹ ਵੇ ਲੋਕੋ

ਜਿਹੜਾ ਹੁੰਦਾ ਹੈ ਮੇਰੇ ਨਾਲ਼ ਜਬਰ ਜਨਾਹ ਵੇ ਲੋਕੋ

✪✪✪✪✪✪

# ਨਦੀ ਵਰਗੀ

ਜਿਹੋ ਜਿਹੀ ਤੂੰ ਸ਼ਾਇਰੀ ਕਰਦੀ ,
ਮੈਨੂੰ ਲੱਗਦਾ ਤੂੰ ਹੈ ਨਦੀ ਵਰਗੀ ,

ਤੇਰੀ ਲਿਖਤ ਦੇ ਢੁੱਕਵੇਂ ਢੁੱਕਵੇਂ ਅੱਖਰ ,
ਲੋਕੀਂ ਸਮਝਣ ਕੱਚ ਤੇ ਸਾਨੂੰ ਲੱਗਣ ਪੱਥਰ ,

ਤੇਰੀ ਸਾਦਗੀ ਤੇਰੀ ਮੁਸਕਾਨ
ਤੇਰੀ ਹੈ ਪਹਿਚਾਣ ,
ਕੌਣ ਗ਼ਰੀਬ , ਕੌਣ ਦੁਖੀ
ਕੌਣ ਅਮੀਰ , ਕੌਣ ਸੁਖੀ
ਤੇਰੇ ਲਈ ਸਾਰੇ ਇੱਕ ਸਮਾਨ,

ਕਦੇ ਕਦੇ ਸੋਚਦਾ ਮੈਂ
ਕੀ ਤੇਰੇ ਲਿਖਣੇ ਦਾ ਰਾਜ਼ ,
ਕਦੇ ਤੂੰ ਤਿੱਤਲੀਆਂ ਨਾਲ਼ ਖੇਡਦੀ
ਕਦੇ ਸੁਣਦੀ ਕੋਇਲ ਦੀ ਅਵਾਜ਼ ,

ਮੈਂ ਕੀ ਤੈਨੂੰ ਹਰ ਕੋਈ ਪੜਨਾ ਚਾਹਵੇ ,

ਜਿਸ ਤਰ੍ਹਾਂ ਤੂੰ ਨੌਂ ਰਸ ਆਪਣੀਆਂ ਲਿਖਤਾਂ ਵਿੱਚ ਭਰਦੀ ,

ਜਿਹੋ ਜਿਹੀ ਤੂੰ ਸ਼ਾਇਰੀ ਕਰਦੀ ,

ਮੈਨੂੰ ਲੱਗਦਾ ਤੂੰ ਹੈ ਨਦੀ ਵਰਗੀ ,

# ਸਾਹਮਣੇ ਹੁਣ ਆਏ ਆ

ਕੁਝ ਲਿਖੇ ਸ਼ੇਅਰ, ਕੁਝ ਲਿਖੀਆਂ ਕਵਿਤਾਵਾਂ
ਤੇ ਕੁਝ ਗੀਤ ਬਣਾਏ ਆ,
ਕਲਮ ਡਾਇਰੀ ਨਾਲ਼ ਸਾਡਾ ਰਿਸ਼ਤਾ ਪੁਰਾਣਾ
ਬਸ ਲੋਕਾਂ ਸਾਹਮਣੇ ਹੁਣ ਆਏ ਆ,

ਪਹਿਲਾਂ ਸੀ ਅਸੀ ਡੱਡੂ ਖੂਹਾਂ ਦੇ ,
ਕਲਮ ਨਾਲ਼ ਰਿਸ਼ਤੇ ਸੀ ਰੂਹਾਂ ਦੇ ,
ਕਲਪਨਾ ਦੀ ਦੁਨੀਆ ਵਿੱਚ ਜਾ
ਲਿਖਤ ਤਿਆਰ ਹੁੰਦੀ ਆ ,
ਬਹੁਤ ਬਣ ਗਏ ਕਿੱਸੇ ਦਿਲ ਦੇ
ਹੁਣ ਗੱਲ ਰੂਹਾਂ ਤੋਂ ਪਾਰ ਹੁੰਦੀ ਆ ,
ਲਵਲੀ" ਕੀ ਲਿਖ ਸਕਦਾ ,
ਕੀ ਕਰ ਸਕਦਾ ,
ਇਹ ਸਭ ਪੰਨੇ ਤਾਂ ਰੱਬ ਦੀ ਮਿਹਰ ਨੇ
ਭਰਵਾਏ ਆ,

ਕਲਮ ਡਾਇਰੀ ਨਾਲ਼ ਸਾਡਾ ਰਿਸ਼ਤਾ ਪੁਰਾਣਾ

ਬਸ ਲੋਕਾਂ ਸਾਹਮਣੇ ਹੁਣ ਆਏ ਆ,
ਕੁਝ ਲਿਖੇ ਸ਼ੇਅਰ, ਕੁੱਝ ਲਿਖੀਆਂ ਕਵਿਤਾਵਾਂ
ਤੇ ਕੁਝ ਗੀਤ ਬਣਾਏ ਆ,

ਬੈਠਣਾ ਰੁੱਖਾਂ ਦੀ ਛਾਂਵੇ
ਤੇ ਕਵਿਤਾਵਾਂ ਨੂੰ ਸਿਰਜਣਾ ,
ਬੱਦਲਾਂ ਦੀ ਕਰਨੀ ਉਡੀਕ
ਬਾਰਿਸ਼ਾਂ ਵਿੱਚ ਭਿੱਜਣਾ ,
ਹੁਣ ਪੰਛੀ ਬਣ ਉੱਡਦੇ ਅੰਬਰਾਂ ਚ
ਤੇ ਚੰਨ ਤਾਰਿਆਂ ਨੂੰ ਮਿਲਦੇ ਆ,
ਕਲਪਨਾ ਦੀ ਦੁਨੀਆਂ ਚ ਘਰ ਸਾਡਾ
ਕਦੇ ਫੁੱਲ ਕਦੇ ਪੰਛੀ
ਕਦੇ ਤਾਰਾ ਬਣ ਲਿਖਦੇ ਆ,
ਅਸੀਂ ਤੇ ਸਿਰਫ਼ ਸਿਫਤਾਂ ਕਰ ਸਕਦੇ
ਇਹ ਨਦੀਆਂ - ਦਰਿਆ ਤੇ ਸਭ ਰੱਬ
ਨੇ ਬਣਾਏ ਆ,

ਕਲਮ ਡਾਇਰੀ ਨਾਲ਼ ਸਾਡਾ ਰਿਸ਼ਤਾ ਪੁਰਾਣਾ
ਬਸ ਲੋਕਾਂ ਸਾਹਮਣੇ ਹੁਣ ਆਏ ਆ,
ਕੁਝ ਲਿਖੇ ਸ਼ੇਅਰ, ਕੁਝ ਲਿਖੀਆਂ ਕਵਿਤਾਵਾਂ

ਤੇ ਕੁਝ ਗੀਤ ਬਣਾਏ ਆ,

# ਕੋਸ਼ਿਸ਼ਾਂ

ਜ਼ਖ਼ਮ ਤੇ ਪਹਿਲਾਂ ਵੀ ਕਈ ਵਾਰ ਕਾਲੀਏ ਦੇ ਹੋਏ, ਪਰ ਉਹ ਅਪਣੇ ਆਪ ਠੀਕ ਹੋ ਜਾਂਦੇ ਸੀ, ਪਰ ਇਸ ਵਾਰ ਇਸ ਦੇ ਸਰੀਰ ਤੇ ਦੋ ਜ਼ਖ਼ਮ ਹੋਏ

ਇੱਕ ਪਿੱਠ ਦੇ ਉੱਪਰ ਤੇ ਦੂਸਰਾ ਗੱਲ ਦੇ ਖੱਬੇ ਪਾਸੇ ਹੋਇਆ। ਪਹਿਲਾਂ ਦੀ ਤਰ੍ਹਾਂ ਇਸ ਵਾਰ ਵੀ ਜਦ ਇਹ ਜ਼ਖ਼ਮੀ ਹੋਇਆ , ਸਾਡੇ ਕੋਲ਼ ਆਉਣ ਦੀ

ਬਜਾਏ ਮੰਮੀ ਕੋਲ਼ ਜਾਣ ਲੱਗਾ, ਇਹਦਾ ਵਾਰ ਵਾਰ ਮੰਮੀ ਕੋਲ਼ ਜਾਣਾ ਤੇ

ਲੱਤਾਂ ਵਿੱਚ ਵੜਨਾ, ਮੰਮੀ ਨੂੰ ਪਤਾ ਲੱਗ ਗਿਆ ਕੀ ਇਹਨੂੰ ਕੁਝ ਹੋਇਆ

ਆ ।

ਜਾਂ ਫਿਰ ਇਹਦੀ ਸਿਹਤ ਠੀਕ ਨਹੀਂ ਜਾਂ ਫਿਰ ਇਹਦੇ ਸਰੀਰ ਤੇ ਕੋਈ ਜ਼ਖ਼ਮ ਹੋਇਆ ਹੋਣਾ, ਦੇਖਣ ਤੇ ਪਤਾ ਲੱਗਾ ਕਿ ਇਹਦੇ ਸਰੀਰ ਤੇ ਦੋ ਜ਼ਖ਼ਮ ਹੋਏ ਸੀ

ਮੰਮੀ ਨੇ ਤੁਰੰਤ ਕਿਹਾ ਇਹਦੇ ਦਵਾਈ ਲਗਾਓ ਨਹੀਂ ਤੇ ਜ਼ਖ਼ਮ ਵਧ ਜਾਣਾ,

ਮੌਸਮ ਅੱਗੇ ਬਰਸਾਤਾਂ ਵਾਲਾ ਹੈ!

ਮੰਮੀ ਦੀ ਗੱਲ ਸੁਣ ਮੇਰੇ ਮਨ ਚ ਵੀ ਆਇਆ ਕਾਲੀਆ ਅਰਾਮ ਨਾਲ਼ ਖੜ੍ਹਾ, ਚਲੋ ਛੇਤੀ ਛੇਤੀ ਦਵਾਈ ਲਗਾ ਦਿੱਤੀ ਜਾਵੇ ! ਮੈਂ ਬੜੇ ਅਰਾਮ ਨਾਲ਼ ਕਾਲੀਏ ਦੇ ਦਵਾਈ ਲਗਾ ਦਿੱਤੀ , ਬਸ ਦਵਾਈ ਲਗਾਉਣ ਦੀ ਦੇਰ ਸੀ ਕਾਲੀਆ ਹੁਣੀ ਭੱਜ ਕੇ ਗੇਟ ਤੋਂ ਬਾਹਰ ਹੋ ਗਏ ,

ਜਦ ਅਸੀਂ ਦੋ ਵਾਰ ਦਵਾਈ ਲਗਾਈ ਫਿਰ ਕਾਲੀਏ ਨੂੰ ਪਤਾ ਲੱਗ ਗਿਆ

ਕਿ ਇਹ ਮੇਰੇ ਦਵਾਈ ਲਗਾਉਂਦੇ ਆ , ਫਿਰ ਉਹਨੇ ਘਰੇ ਆਉਣਾ ਬੰਦ ਕਰ ਦਿੱਤਾ ! ਤੇ ਹੁਣ ਜਦੋਂ ਵੀ ਉਹਨੇ ਆਉਣਾ

ਆ ਕੇ ਗਲੀ ਵਿੱਚ ਬੈਠ ਜਾਣਾ ਤੇ ਘਰ ਨਹੀਂ ਆਉਣਾ ! ਤੇ ਜਦੋਂ ਵੀ ਮੈਂ ਦਵਾਈ ਪਾਉਣ ਦੀ ਕੋਸ਼ਿਸ਼ ਕਰਨੀ ਤੇ ਕਾਲੀਏ ਨੇ ਭੱਜ ਜਾਣਾ, ਪਰ ਔਖੇ ਸੌਖੇ ਹੋ ਕਾਲੀਏ ਨੂੰ ਫੜ, ਅਸੀਂ ਇੱਕ ਜ਼ਖ਼ਮ ਤੇ ਦਵਾਈ ਲਗਾ ਦੇਣੀ , ਜਿਸ ਦਾ ਅਸਰ ਇਹ ਹੋਇਆ ਕਿ ਉਹਦਾ ਇੱਕ ਜਖ਼ਮ ਜੋ ਪਿੱਠ ਦੇ ਉੱਪਰ ਹੋਇਆ ਸੀ ਉਹ ਠੀਕ

ਹੋ ਗਿਆ ! ਪਰ ਇੱਕ ਜਖ਼ਮ ਅਜੇ ਵੀ ਬਾਕੀ ਸੀ ਜੋ ਉਹਦੇ ਗੱਲ ਦੇ ਖੱਬੇ ਪਾਸੇ ਹੋਣ ਕਾਰਨ ਦਵਾਈ ਲਗਾਉਣ ਲੱਗੇ ਬੜੀ ਮੁਸ਼ਕਿਲ ਹੁੰਦੀ ਸੀ, ਮੁਸ਼ਕਿਲ ਤੇ ਇੱਕ ਗੱਲ ... ਉਹ ਜ਼ਖ਼ਮ ਹੈ ਹੀ ਇਹੋ ਜਿਹਾ ਸੀ ਬਿਲਕੁਲ ਛੋਟਾ ਤੇ ਡੂੰਘਾ,

ਪਰ ਜਦੋਂ ਉਹਨੇ ਰਾਤ ਨੂੰ ਸੌਣਾ ਅਸੀਂ ਚੁੱਪ ਚਾਪ ਜਾ ਉਹਦੇ ਗਲ਼ ਵਾਲੇ ਜ਼ਖ਼ਮ ਤੇ ਦਵਾਈ ਪਾਉਣੀ , ਪਰ ਜ਼ਖ਼ਮ ਦਾ ਮੂੰਹ ਇੰਨਾ ਛੋਟਾ ਸੀ ਕਿ ਦਵਾਈ ਜ਼ਖ਼ਮ ਅੰਦਰ ਚਲੀ ਗਈ ਕੇ ਨਹੀਂ , ਕੁਝ ਪਤਾ ਹੀ ਨਹੀਂ ਲੱਗਦਾ ਸੀ , ਆਖਿਰ... ਜਿਸ ਗੱਲ ਦਾ ਡਰ ਸੀ ਉਹੀ ਹੋਇਆ, ਉਹ ਜ਼ਖ਼ਮ ਹੋਰ ਡੂੰਘਾ ਹੋ ਗਿਆ ਤੇ ਉਹਨੂੰ ਦੇਖ ਸਾਫ਼ ਪਤਾ ਲੱਗਦਾ ਸੀ, ਹਾਲਤ ਕੀੜਿਆਂ ਤੱਕ ਪਹੁੰਚ ਗਈ ਹੈ!

ਜਿਸ ਕਰਕੇ ਕਾਲੀਆ ਹੁਣ ਗੁੰਮਸੁੰਮ ਰਹਿਣ ਲੱਗਾ !

ਫ਼ਿਰ ਇੱਕ ਦਿਨ ਬਾਪੂ ਨੇ ਰਾਤ ਨੂੰ ਗਲੀ ਵਿੱਚ ਕਾਲੀਏ ਨੂੰ ਆਪਣੀਆਂ ਲੱਤਾਂ ਵਿਚਕਾਰ ਫੜ ਲਿਆ ਤੇ ਉੱਚੀ ਉੱਚੀ ਆਵਾਜ਼ ਲਗਾਈ ,

ਲਵਲੀ ਛੇਤੀ ਛੇਤੀ ਦਵਾਈ ਲੈ ਆ , ਲਵਲੀ ਓਏ... ਲਵਲੀ ਓਏ... ਮੈਂ ਘਰ ਅੰਦਰੋਂ ਅਵਾਜ਼ ਸੁਣ ਬਾਹਰ ਗਿਆ ਤੇ ਮੈਂ ਵੀ ਉਸ ਨੂੰ ਪਿੱਛਿਓਂ ਜਾ ਫੜਿਆ , ਪਰ ਜਦ ਮੈਂ ਉਹਦੇ ਮੂੰਹ ਨੂੰ ਫੜਨ ਦੀ ਕੋਸ਼ਿਸ਼ ਕੀਤੀ ਉਹ ਮੇਰੇ ਹੱਥਾਂ ਚੋਂ

ਨਿਕਲ ਕੇ ਭੱਜ ਗਿਆ ! ਮਨ ਫਿਰ ਉਦਾਸ ਪਰ ਸ਼ੁਕਰ ਬਚ ਗਏ ਮੇਰੇ ਹੱਥ ਜਿਹਨਾਂ ਉਪਰ ਕੋਈ ਕਾਲੀਏ ਦਾ ਦੰਦ ਨਹੀਂ ਲੱਗਾ !

ਇੱਕ ਪਾਸੇ ਇਹਦੇ ਸਰੀਰ ਦਾ ਜ਼ਖ਼ਮ ਤੇ ਸਾਡੀਆਂ ਚੱਲ ਰਹੀਆਂ ਕੋਸ਼ਿਸ਼ਾਂ ਤੇ ਹੁਣ ਦੂਜੇ ਪਾਸੇ ਬਾਰਿਸ਼ ਸ਼ੁਰੂ ਹੋ ਗਈ , ਬਾਰਿਸ਼ ਵੀ ਕਾਹਦੀ ਸ਼ੁਰੂ ਹੋਈ ਕਿ ਰੁਕਣ ਦਾ ਨਾਮ ਹੀ ਨਹੀਂ ਲੈ ਰਹੀ ਸੀ ! ਤੇ ਕਾਲੀਏ ਬਾਰੇ ਸੋਚ ਮੇਰਾ ਮਨ ਉਦਾਸ ਤੇ ਪ੍ਰੇਸ਼ਾਨ ਰਹਿਣ ਲੱਗਾ ! ਤੇ ਦੂਜਾ ਉਹ ਨਜ਼ਰ ਨਹੀਂ ਆ ਰਿਹਾ ਸੀ , ਸੋਚਣਾ , ਪਤਾ ਨਹੀਂ ਕਿੱਥੇ ਹੋਣਾ, ਕਿੱਥੇ ਲੁਕ ਕੇ ਬੈਠਾ ਹੋਣਾ, ਕਿਤੇ ਉਹਨੂੰ ਕੁਸ਼ ਹੋ ਤਾਂ ਨੀ ਗਿਆ ...!

ਹੁਣ ਮੈਂ ਕਦੇ ਮਾਂ ਨੂੰ ਪੁੱਛਾਂ ਤੇ ਕਦੇ ਅਪਣੇ ਬਾਪੂ ਨੂੰ ਕਿ ਕਾਲੀਆ ਨਜ਼ਰ ਨਹੀਂ ਆ ਰਿਹਾ ਤੁਸੀਂ ਦੇਖਿਆ ਕਿਤੇ ਕਾਲੀਏ ਨੂੰ...!

ਤੇ ਹੁਣ ਮੈਂ ਕਾਲੀਏ ਨੂੰ ਡਾਕਟਰ ਕੋਲ਼ ਲਿਜਾਣ ਬਾਰੇ ਸੋਚਿਆ ਤੇ ਮੰਮੀ ਨਾਲ ਗੱਲ ਕੀਤੀ ਕਿ, ਕਿਉਂ ਨਾ ਆਪਾਂ ਕਾਲੀਏ ਨੂੰ ਡਾਕਟਰ ਕੋਲ ਲੈ ਜਾਈਏ ਕਿਉਂ ਨਾ ਇਹਦੇ ਟੀਕੇ ਲਗਵਾ ਦਈਏ ! ਤੇ ਮੰਮੀ ਨੇ ਕਿਹਾ ਪੁੱਤ ਇਹ ਡਾਕਟਰ ਕੁੱਤਿਆਂ ਦਾ ਇਲਾਜ਼ ਘੱਟ ਹੀ ਕਰਦੇ ਆ, ਨਾਲੇ ਉਹਨਾਂ ਦੀ ਦੱਸੀ ਸਪਰੇਅ ਵਰਤ ਕੇ ਤੇ ਦੇਖੀਂ, ਹੁਣ ਜਦ ਉਹ ਤੇਰੇ ਹੱਥ ਹੀ ਨਹੀਂ ਆ ਰਿਹਾ ਫਿਰ ਟੀਕੇ ਕਿਵੇਂ ਲਗਵਾਏਂਗਾ , ਇਹ ਗੱਲਾਂ ਸੁਣ ਮੇਰਾ ਮਨ ਫਿਰ ਉਦਾਸ ਹੋ ਗਿਆ !

ਇੱਕ ਪਾਸੇ ਕਾਲੀਏ ਬਾਰੇ ਸੋਚ ਮਨ ਉਦਾਸ ਤੇ ਦੂਜਾ ਬਾਰਿਸ਼ ਦਾ ਇਹ ਉਹ ਸਮਾਂ ਸੀ ਜੋ ਕਦੇ ਕਿਸੇ ਨੂੰ ਨਹੀਂ ਭੁੱਲਣਾ, ਜਦ ਪਾਣੀ

ਨਹਿਰਾਂ ਤੋਂ ਬਾਹਰ ਆਉਣ ਨੂੰ ਫਿਰਦਾ ਸੀ ਤੇ ਕਈ ਪਿੰਡਾਂ ਸ਼ਹਿਰਾਂ ਚ ਤੇ ਪਾਣੀ ਤੋਂ ਇਲਾਵਾ ਕੁਝ ਨਜ਼ਰ ਹੀ ਨਹੀਂ ਆ ਰਿਹਾ ਸੀ ! ਸ਼ਹਿਰ ਵੱਲ ਜਾਣ ਵਾਲੀਆਂ ਸੜਕਾਂ ਤੇ ਪਾਣੀ ਉੱਪਰ ਦੀ ਗੁਜ਼ਰ ਰਿਹਾ ਸੀ..!

ਫਿਰ ਮੈਨੂੰ ਉਦਾਸ ਦੇਖ ਮੰਮੀ ਨੇ ਕਿਹਾ , ਪੁੱਤ ਤੂੰ ਕਿਉਂ ਉਦਾਸ ਹੋ ਰਿਹਾ ਜੇ ਉਹਦੀ ਉਮਰ ਚ ਵਾਧਾ ਹੋਇਆ ਉਹਨੇ ਬਚ ਜਾਣਾ

ਤੂੰ ਫ਼ਿਕਰ ਨਾ ਕਰ , ਰੱਬ ਤੇ ਭਰੋਸਾ ਰੱਖ, ਉਹ ਜੋ ਕਰਦਾ ਚੰਗਾ ਕਰਦਾ !

ਫਿਰ ਵੀ ਮੇਰੇ ਮਨ ਚ ਖ਼ਿਆਲ ਆਇਆ, ਹਾਂ, ਠੀਕ ਹੈ ਸਭ ਕੁਝ ਰੱਬ ਦੀ ਮਰਜ਼ੀ ਤੇ ਕਿਰਪਾ ਨਾਲ ਹੁੰਦਾ ਪਰ ਫਿਰ ਵੀ ਮੈਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ , ਕਿ ਕਿਸੇ ਤਰ੍ਹਾਂ ਉਹਦੇ ਜ਼ਖ਼ਮ ਵਿੱਚ

ਦਵਾਈ ਚਲੇ ਜਾਵੇ, ਬਸ ਜਿਆਦਾ ਨਹੀਂ ਭਾਵੇਂ...ਇੱਕ ਵਾਰ ਹੀ ਚੰਗੀ ਤਰ੍ਹਾਂ ਜ਼ਖ਼ਮ ਉੱਪਰ ਪੈ ਜਾਵੇ ! ਇਹ ਸੋਚਦਿਆਂ ਸੋਚਦਿਆਂ

ਮੈਨੂੰ ਯਾਦ ਆਇਆ ਕਿ, ਵੱਡੇ ਮਾਸੀ , ਉਹਨਾਂ ਕੋਲ ਸ਼ਿਕੰਜਾ ਹੈ

ਜਿਸ ਨਾਲ ਕੁੱਤਿਆਂ ਦੇ ਮੂੰਹ ਨੂੰ ਕਵਰ ਕੀਤਾ ਜਾਂਦਾ ਹੈ !

ਹਾਂ.. ਹਾਂ.. ਇਸ ਖ਼ਿਆਲ ਨਾਲ ਮੇਰੇ ਮੂੰਹ ਵਿੱਚੋਂ ਅਵਾਜ਼ ਨਿਕਲੀ !

ਤੇ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ , ਜੇ ਉਹ ਮਿਲ ਜਾਵੇ ਤੇ ਸ਼ਾਇਦ ਫਿਰ ਅਸੀਂ ਕਾਲੀਏ ਦੇ ਜ਼ਖ਼ਮ ਤੇ ਦਵਾਈ ਪਾ ਸਕੀਏ !

ਪਰ ਸ਼ਿਕੰਜਾ ਲਿਆਉਣ ਲਈ ਮਾਸੀ ਦੇ ਪਿੰਡ ਜਾਣਾ ਪੈਣਾ ,

ਪਰ ਉਹ ਕਿਵੇਂ ਜਾਇਆ ਜਾਵੇ, ਕੀ ਪਤਾ ਰਸਤੇ ਵਿੱਚ ਕਿੱਥੇ ਜ਼ਿਆਦਾ ਪਾਣੀ ਹੋਵੇ ਜਾਂ ਫਿਰ ਮੀਂਹ ਕਦੋਂ ਸ਼ੁਰੂ ਹੋ ਜਾਵੇ !

ਫਿਰ ਮਨ ਚ ਗੱਲਾਂ ਚੱਲਣ ਲੱਗੀਆਂ, ਯਾਰ ਲਵਲੀ ! ਤੇਰੇ ਹੱਥਾਂ ਵਿੱਚ ਕਾਲੀਏ ਦਾ ਬਚਪਨ ਨਿਕਲਿਆ, ਤੇਰੇ ਨਾਲ਼ ਖੇਡ ਖੇਡ ਉਹ ਵੱਡਾ ਹੋਇਆ ਤੂੰ ਉਹਦੇ ਲਈ ਥੋੜੀ ਹਿੰਮਤ ਨਹੀਂ ਕਰ ਸਕਦਾ, ਕੋਸ਼ਿਸ਼ ਨਹੀਂ ਕਰ ਸਕਦਾ,

ਤੂੰ ਆਪਣੇ ਵੱਲੋਂ ਕੋਸ਼ਿਸ਼ ਤੇ ਕਰ ਬਾਕੀ ਵਾਹਿਗੁਰੂ ਦਾ ਹੁਕਮ!

ਇਹ ਸੋਚਾਂ ਸੋਚ ਤੇ ਆਪਣੇ ਆਪ ਨਾਲ ਗੱਲਾਂ ਕਰ ਮੇਰਾ ਮਨ ਥੋੜਾ ਸ਼ਾਂਤ ਹੋਇਆ ਤੇ ਮੈਂ ਸੋ ਗਿਆ!

ਦੂਸਰੇ ਦਿਨ ਕੁਦਰਤੀ ਮੌਸਮ ਵੀ ਠੀਕ ਹੋ ਗਿਆ, ਬਾਰਿਸ਼ ਬੰਦ ਹੋ ਗਈ ਸੀ ! ਪਰ ਪਾਣੀ ਦਾ ਕੁਝ ਨਹੀਂ ਪਤਾ ਸੀ ਕਿਸ ਪਿੰਡ ਵਿੱਚ ਕਿੰਨਾ ਪਾਣੀ

ਆਇਆ ਹੋਇਆ ਆ! ਫਿਰ ਮੈਂ ਫੋਨ ਤੇ ਮਾਸੀ ਜੀ ਨਾਲ਼ ਗੱਲ ਕੀਤੀ ਸਭ ਤੋਂ ਪਹਿਲਾਂ ਮੈਂ ਉਹਨਾਂ ਦਾ ਹਾਲ ਚਾਲ ਪੁੱਛਿਆ ਤੇ ਫਿਰ ਕਾਲੀਏ ਬਾਰੇ ਗੱਲ ਕੀਤੀ , ਮਾਸੀ ਜੀ ਨੇ ਸਾਰੀ ਗੱਲ ਸੁਣ ਕਿਹਾ ਕੋਈ ਗੱਲ ਨਹੀਂ ਸਾਡੇ ਕੋਲ ਸ਼ਿਕੰਜਾ ਹੈ ਤੁਸੀਂ ਆ ਕੇ ਲੈ ਜਾਓ! ਫਿਰ ਮੈਂ ਪਾਣੀ ਤੇ ਮੀਂਹ ਬਾਰੇ ਪੁੱਛਿਆ ਪਤਾ ਕੀਤਾ ਕਿ ਉਨ੍ਹਾਂ ਵੱਲ ਕੀ ਹਲਾਤ ਨੇ,

ਮਾਸੀ ਜੀ ਨੇ ਕਿਹਾ ਸਾਡੇ ਵੱਲ ਪਾਣੀ ਜ਼ਿਆਦਾ ਨਹੀਂ ਆ, ਤੁਸੀਂ ਆਉਣਾ ਤੇ

ਹੁਣੇ ਹੁਣੇ ਆ ਜਾਓ ਫਿਰ ਮੌਸਮ ਦਾ ਪਤਾ ਨਹੀਂ ਕਿਸ ਵੇਲੇ ਖ਼ਰਾਬ ਹੋ ਜਾਏ! ਮਾਸੀ ਜੀ ਨਾਲ਼ ਗੱਲ ਕਰਨ ਬਾਅਦ ਮੈਂ ਜਲਦੀ ਜਲਦੀ ਰਿੰਕੂ ( ਲੰਗੋਟੀਆ ਯਾਰ ) ਕੋਲ਼ ਗਿਆ , ਤੇ ਉਸ ਨਾਲ ਸਾਰੀ ਗੱਲ ਕੀਤੀ ਕਿ ਆਪਾਂ ਨੂੰ ਮਾਸੀ ਕੋਲ਼ ਸ਼ਿਕੰਜਾ ਮਿਲ ਜਾਣਾ ਜਿਸ ਨੂੰ ਕਾਲੀਏ ਦੇ ਮੂੰਹ ਤੇ ਚੜਾ ਆਪਾਂ ਕਾਲੀਏ ਦੇ ਜ਼ਖ਼ਮ ਤੇ ਅਸਾਨੀ ਨਾਲ਼ ਦਵਾਈ ਪਾ ਸਕਦੇ ਆ ! ਮੇਰੀ ਸਾਰੀ ਗੱਲ ਸੁਣ ਉਹ ਮੇਰੇ ਨਾਲ ਜਾਣ ਲਈ ਤਿਆਰ ਹੋ ਗਿਆ! ਫਿਰ ਅਸੀਂ ਜਲਦੀ ਜਲਦੀ ਕੱਪੜੇ ਪਾ ਘਰੋਂ ਤੁਰ ਪਏ!

ਅੱਧੇ ਘੰਟੇ ਬਾਅਦ ਅਸੀਂ ਮਾਸੀ ਜੀ ਦੇ ਪਿੰਡ ਪਹੁੰਚ ਗਏ ਤੇ ਮਾਸੀ

ਸਾਨੂੰ ਦੇਖ ਬਹੁਤ ਖ਼ੁਸ਼ ਹੋਏ ! ਮੌਸਮ ਖ਼ਰਾਬ ਕਰਕੇ ਅੱਜ ਭਾਜੀ ਤੇ ਮਾਸੜ

ਜੀ ਵੀ ਘਰ ਹੀ ਸਨ! ਅਸੀਂ ਮਾਸੀ ਜੀ ਕੋਲ਼ ਚਾਹ ਪੀਤੀ ਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ ! ਗੱਲਾਂ ਕਰਨ ਬਾਅਦ ਮਾਸੀ ਨੇ ਸਾਨੂੰ ਸ਼ਿਕੰਜਾ ਲੱਭ ਕੇ ਦਿੱਤਾ ਤੇ ਇੱਕ ਗੋਲੀਆਂ ਦਾ ਪੱਤਾ ਵੀ ਦਿੱਤਾ ! ਗੋਲੀਆਂ ਦਾ ਪੱਤਾ ਮੈਨੂੰ ਫੜਾਇਆ ਤੇ ਕਿਹਾ , ਇਹ ਗੋਲੀਆਂ ਬਹੁਤ ਹੀ ਵਧੀਆ ਤੇ ਅਸਰਦਾਰ ਨੇ ,ਜਿਸ ਤਰ੍ਹਾਂ ਤੂੰ ਕਹਿ ਰਿਹਾ ਕੀ ਉਹ ਤੁਹਾਡੀ ਪਕੜ ਵਿੱਚ ਨਹੀਂ ਆ ਰਿਹਾ

ਤੁਸੀਂ ਉਸ ਨੂੰ ਇਹ ਗੋਲੀਆਂ ਦੁੱਧ ਚ ਮਿਲਾ ਕੇ ਦਿਓ, ਉਹਨੇ ਇਹਨਾਂ

ਗੋਲੀਆਂ ਨਾਲ਼ ਹੀ ਠੀਕ ਹੋ ਜਾਣਾ , ਬਾਕੀ ਦਵਾਈ ਪਾਉਣ ਦੀ ਕੋਸ਼ਿਸ਼ ਵੀ ਕਰੋ, ਜੇ ਪੈ ਜਾਏ ਤੇ ਹੋਰ ਵੀ ਵਧੀਆ

ਇਹ ਗੱਲਾਂ ਸੁਣ ਫਿਰ ਮੈਂ ਉਹਨਾਂ ਕੋਲੋਂ ਜਾਣ ਦੀ ਇਜਾਜ਼ਤ ਲਈ

ਤੇ ਉਹਨਾਂ ਦੇ ਪੈਰੀਂ ਹੱਥ ਲਾ ਅਸੀਂ ਘਰ ਵਾਪਿਸ ਆ ਗਏ

ਹੁਣ ਮੈਂ ਉਡੀਕ ਕਰ ਰਿਹਾ ਸੀ, ਕਦੋਂ ਕਾਲੀਆ ਗਲੀ ਵਿੱਚ ਜਾਂ ਘਰ ਆਵੇ ਤੇ ਸ਼ਿਕੰਜੇ ਨਾਲ ਉਸਦਾ ਮੂੰਹ ਫੜ ਦਵਾਈ ਪਾਈ ਜਾਵੇ

ਪਰ ਇੱਕ ਦਿਨ ਇਸੇ ਤਰ੍ਹਾਂ ਨਿਕਲ ਗਿਆ, ਕਾਲੀਆ ਨਜ਼ਰ

ਨਹੀਂ ਆਇਆ !

ਸ਼ਿਕੰਜਾ ਲਿਆਂਦੇ ਨੂੰ ਦੋ ਦਿਨ ਹੋ ਗਏ ਪਰ ਕਾਲੀਆ ਨਜ਼ਰ ਨਹੀਂ ਆ ਰਿਹਾ ਸੀ ਮਨ ਚ ਬੁਰੇ ਖ਼ਿਆਲ ਆ ਰਹੇ ਸਨ ਕੀ ਕਿੱਧਰੇ ਉਸਨੂੰ ਕੁਝ ਹੋ ਨਾ ਗਿਆ ਹੋਵੇ!

ਅਖੀਰ ਮੇਰੇ ਕੰਨਾਂ ਚ ਰਿੰਕੂ ਦੀ ਅਵਾਜ਼ ਪਈ , ਬਾਬਾ ਕਾਲੀਆ ਗਲੀ ਚ ਆ ਗਿਆ ਕੋਠੇ ਉਪਰ ਖੜ੍ਹਾ ਮੈਨੂੰ ਦੱਸ ਰਿਹਾ ਸੀ ! ਪਰ

ਸ਼ਿਕੰਜਾ ਕਿਹੜਾ ਮੇਰੇ ਇਕੱਲੇ ਕੋਲ਼ੋਂ ਪੈ ਜਾਣਾ, ਮੈਂ ਰਿੰਕੂ ਨੂੰ ਕਿਹਾ ਕੋਈ ਨਾਲ

ਹੋਵੇ ਫਿਰ ਹੀ ਕਾਲੀਆ ਫੜ ਹੋਣਾ, ਇੱਕ ਬੰਦਾ ਫੜੂ ਤੇ ਦੂਜਾ ਮੂੰਹ ਤੇ

ਸ਼ਿਕੰਜਾ ਪਾਊ ਇਹ ਸੁਣਦੇ ਹੀ ਉਹਨੇ ਕਿਹਾ ਮੈਂ ਹੁਣੇ ਆਇਆ ਆਪਾਂ ਮਿਲ ਕੇ ਇਹਨੂੰ ਫੜਦੇ ਆਂ ਜਦ ਤੱਕ

ਤੂੰ ਇਹਨੂੰ ਗੋਲੀ ਦੁੱਧ ਵਿੱਚ ਘੋਲ ਕੇ ਪਿਲਾ !

ਰਿੰਕੂ ਜਦ ਤੱਕ ਆਉਂਦਾ ਮੈਂ ਕਾਲੀਏ ਨੂੰ ਦੁੱਧ ਦਿਖਾ ਕੇ ਘਰ ਅੰਦਰ

ਲੈ ਆਇਆ , ਉਹ ਦੁੱਧ ਪੀ ਰਿਹਾ ਸੀ ਜਦ ਤੱਕ ਰਿੰਕੂ ਵੀ ਆ ਗਿਆ!

ਕਾਲੀਏ ਦੇ ਦੁੱਧ ਪੀਣ ਦੀ ਦੇਰ ਸੀ ਮੈਂ ਕਾਲੀਏ ਨੂੰ ਫੜਨ ਦੀ ਕੋਸ਼ਿਸ਼ ਕੀਤੀ

ਪਰ ਉਹ ਫਿਰ ਹੱਥ ਨਾ ਆਇਆ , ਮੇਰੇ ਮਨ ਚ ਥੋੜਾ ਡਰ ਵੀ ਸੀ ਕੇ ਕਿਧਰੇ ਹੱਥ ਤੇ ਦੰਦ ਮਾਰ ਦੇਵੇ

ਨਹੀਂ ਤੇ ਟੀਕੇ ਲਗਵਾਉਣੇ ਪੈਣੇ , ਪਰ ਇਸ ਵਾਰ ਵੀ ਕੋਸ਼ਿਸ਼ ਬੇਕਾਰ ਗਈ

! ਕਾਲੀਆ ਘਰੋਂ ਬਾਹਰ ਚਲਾ ਗਿਆ!

ਫਿਰ ਮੈਂ ਇਹ ਸਾਰੀ ਗੱਲ ਮੰਮੀ ਨੂੰ ਸੁਣਾਈ ਤੇ ਮੰਮੀ ਨੇ ਮੇਰੀ ਸਾਰੀ ਗੱਲ

ਸੁਣ ਕਿਹਾ, ਤੂੰ ਫਿਰ ਉਦਾਸ ਹੋ ਗਿਆ, ਤੂੰ ਉਦਾਸ ਪ੍ਰੇਸ਼ਾਨ ਕਿਉਂ ਹੋ ਰਿਹਾ

, ਦੇਖ ਪੁੱਤ..ਤੂੰ ਆਪਣੇ ਵੱਲੋਂ ਕੋਸ਼ਿਸ਼ ਤੇ ਕਰ ਰਿਹਾਂ, ਨਾਲੇ ਪੁੱਤ ਉਹ

ਕਿਹੜਾ ਹਮੇਸ਼ਾ ਘਰ ਰਹਿੰਦਾ ਸਾਰਾ ਦਿਨ ਤੇ ਉਹ ਬਾਹਰ ਘੁੰਮਦਾ ਰਹਿੰਦਾ , ਫਿਰ ਕੀ ਪਤਾ ਉਹਨੇ ਗੁੱਸੇ ਚ ਆ ਕਿਤੇ ਤੇਰੇ ਹੱਥ ਤੇ ਦੰਦ ਨਹੀਂ ਮਾਰ ਦਿੱਤਾ , ਹੁਣ ਤੂੰ ਇੱਦਾਂ ਕਰ ਉਹਨੂੰ ਗੋਲੀਆਂ ਸਮੇਂ ਸਿਰ ਦਈ ਜਾ , ਜੇ

ਉਹਦੀ ਉਮਰ ਚ ਵਾਧਾ ਹੋਇਆ , ਰੱਬ ਦੀ ਕਿਰਪਾ ਹੋਈ ਉਹਨੇ ਇਹ

ਗੋਲੀਆਂ

ਨਾਲ ਹੀ ਠੀਕ ਹੋ ਜਾਣਾ ! ਮਾਂ ਦੀਆਂ ਗੱਲਾਂ ਸੁਣ ਮੇਰੇ ਮਨ ਨੂੰ ਥੋੜੀ ਸ਼ਾਂਤੀ ਮਿਲੀ , ਬਸ ਫਿਰ ਮੈਂ ਉਸਨੂੰ ਦਵਾਈ ਦੇਣੀ ਸ਼ੁਰੂ ਕਰ ਦਿੱਤੀ !

ਵਾਹਿਗੁਰੂ ਦੀ ਕਿਰਪਾ ਹੋਈ ਦੋ – ਤਿੰਨ ਦਿਨ ਬਾਅਦ ਮੈਨੂੰ ਅਚਾਨਕ ਕਿਸੇ ਕੁੱਤੇ ਦੇ ਬੋਲਣ ਦੀ ਅਵਾਜ਼ ਸੁਣਾਈ ਦਿੱਤੀ ,ਪਹਿਲਾਂ ਮੈਨੂੰ ਲੱਗਾ ਕਾਲੀਆ ਹੋਣਾ ਫਿਰ ਲੱਗਾ ਨਹੀਂ ਉਹ ਤੇ ਜ਼ਖ਼ਮੀ ਹੋਣ ਕਰਕੇ ਕੁਝ ਬੋਲਦਾ ਹੀ ਨਹੀਂ,

ਪਰ ਦਿਲ ਨਹੀਂ ਮੰਨ ਰਿਹਾ ਸੀ , ਫਿਰ ਮੈਂ ਬਾਹਰ ਜਾ ਕੇ ਜਦ ਗਲੀ ਚ ਦੇਖਿਆ ਤੇ ਇਹ ਸੱਚਮੁੱਚ ਕਾਲੀਆ ਹੀ ਸੀ !

ਜੋ ਉੱਚੀ ਉੱਚੀ ਬੋਲ ਰਿਹਾ ਸੀ , ਮੈਂ ਦੱਸ ਨਹੀਂ ਸਕਦਾ ਕਿ ਉਸ ਪਲ ਉਹਦੀ ਆਵਾਜ਼ ਸੁਣ ਮੈਨੂੰ ਕਿੰਨੀ ਖੁਸ਼ੀ ਹੋਈ ਸੀ!

ਪਰ ਇੱਕ ਗੱਲ ਸੀ ਹੁਣ ਉਹ ਸਾਨੂੰ ਦੇਖ ਗਲੀ ਚੋਂ ਭੱਜ ਜਾਂਦਾ ਸੀ

ਕਿ ਕਿੱਧਰੇ ਅਸੀਂ ਉਹਦੇ ਕੋਈ ਦਵਾਈ ਨਾ ਪਾ ਦੇਈਏ !

ਆਖਿਰਕਾਰ ਸਿਰਫ਼ ਪੰਜ ਦਿਨ ਦੀ ਦੀਆਂ ਗੋਲੀਆਂ ਨਾਲ਼ ਉਹਦਾ ਜ਼ਖਮ ਠੀਕ

ਹੋ ਗਿਆ , ਮੈਂ ਸ਼ੁਕਰ ਕੀਤਾ ਪਰਮਾਤਮਾ ਦਾ ! ਦਵਾਈ ਬਹੁਤ ਵਧੀਆ ਤੇ ਅਸਰਦਾਰ ਨਿਕਲੀ ! ਪਰ ਜਖ਼ਮ ਅਜੇ ਪੂਰੀ ਤਰ੍ਹਾਂ ਭਰਨਾ ਬਾਕੀ ਸੀ! ਜ਼ਖ਼ਮ ਪੂਰੀ ਤਰ੍ਹਾਂ ਠੀਕ ਹੋ ਜਾਏ ਇਹ ਸੋਚ ਮੈਂ ਦੋ ਤਿੰਨ ਦਿਨ ਦੀ ਦਵਾਈ ਹੋਰ ਲੈ ਆਇਆ

ਤੇ ਸੱਚਮੁੱਚ , ...ਵਾਹਿਗੁਰੂ ਜੀ ਤੁਹਾਡਾ ਬਹੁਤ ਬਹੁਤ ਧੰਨਵਾਦ ! ਇਹ ਸਭ

ਤੁਹਾਡੀ ਕਿਰਪਾ ਸੀ ਕੀ ਕਾਲੀਆ ਠੀਕ ਹੋ ਗਿਆ!

ਤੇ ਨਾਲ਼ ਹੀ ਮੈਂ ਰਿੰਕੂ ਦਾ ਵੀ ਧੰਨਵਾਦ ਕੀਤਾ ,ਧੰਨਵਾਦ ਬਾਬਾ

ਤੂੰ ਮੇਰੇ ਨਾਲ ਗਿਆ ਤੇ ਆਪਾਂ ਭੱਜ ਕੇ ਸ਼ਿਕੰਜਾ ਤੇ ਗੋਲੀਆਂ ਦਾ ਪੱਤਾ ਲੈ ਆਏ , ਉਹ ਵੀ ਉਹਨਾਂ ਹਾਲਾਤਾਂ ਚ ਜਦ ਸੜਕਾਂ ਉੱਪਰ ਦੀ ਪਾਣੀ ਚੱਲ ਰਿਹਾ ਸੀ ! ਧੰਨਵਾਦ ਯਾਰ!

ਧੰਨਵਾਦ ਕਾਹਦਾ ਭਰਾ ਅੱਗੋਂ ਰਿੰਕੂ ਨੇ ਜਵਾਬ ਦਿੱਤਾ , ਕਾਲੀਆ ਵਿਚਾਰਾ ਠੀਕ ਹੋ ਗਿਆ ਇਹੀ ਬਹੁਤ ਚੰਗੀ ਗੱਲ ਆ !

ਹੁਣ ਕਈ ਦਿਨਾਂ ਬਾਅਦ ਮੈਂ ਕੀ ਦੇਖਦਾ ਕਿ ਉਹਨਾਂ ਗੋਲੀਆਂ ਨਾਲ ਉਸਦੀ ਖੁਜਲੀ ਕਰਨ ਦੀ ਆਦਤ ਵੀ ਠੀਕ ਹੋ ਗਈ

ਤੇ ਹੁਣ ਉਹ ਅਰਾਮ ਨਾਲ ਸੌਂਦਾ ਤੇ ਖ਼ੂਬ ਉੱਚੀ ਉੱਚੀ ਰੌਲਾ ਪਾਉਂਦਾ ਤੇ ਪਹਿਲਾਂ ਦੀ ਤਰ੍ਹਾਂ ਰਾਤ ਨੂੰ ਘਰ ਆ ਉਹ ਸਾਰਿਆਂ ਨੂੰ ਦੇਖਦਾ ਤੇ ਮੇਰੇ ਨਾਲ ਖੇਡਦਾ ਹੈ!

ਇਸ ਗੱਲ ਨੂੰ ਅੱਜ ਕਿੰਨੇ ਦਿਨ ਹੋਗੇ ਪਰ ਅਕਸਰ ਮੇਰੇ ਮਨ ਚ ਖ਼ਿਆਲ ਆ ਜਾਂਦਾ ਕਿ ਜੇ ਉਸ ਵੇਲੇ ਅਸੀਂ ਉਸ ਖਰਾਬ ਮੌਸਮ ਵਾਲੇ ਹਾਲਾਤਾਂ ਚ ਸ਼ਿਕੰਜਾ ਤੇ ਗੋਲੀਆਂ ਨਾ ਲੈਣ ਜਾਂਦੇ ਹਿੰਮਤ ਤੇ ਕੋਸ਼ਿਸ਼ ਨਾ ਕਰਦੇ ਤੇ ਸ਼ਾਇਦ ਅੱਜ ਖ਼ੁਸ਼ ਹੋਣ ਦੀ ਬਜਾਏ ਮੈਂ ਪਛਤਾ ਰਿਹਾ ਹੁੰਦਾ.. !

✪✪✪ ਸਮਾਪਤ ✪✪✪

# ਕਲਪਨਾ ਦਾ ਸਫ਼ਰ

## ਲਵਲੀ ਪਠਲਾਵਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com